Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

ਵਿਸ਼ੇਸ਼ ਕਿਸਾਨ ਮੇਲਾ ਅੰਕ
All Subject to Patiala Jurisdiction.
www.khetiduniyan.in

ਪੀ.ਏ.ਯੂ., ਲੁਧਿਆਣਾ ਕਿਸਾਨ ਮੇਲੇ ਵਿੱਚ ਪਹੁੰਚੇ
**ਕਿਸਾਨ ਵੀਰਾਂ ਦਾ ਸਵਾਗਤ**

Editor : Jagpreet Singh • RNI/PUNPUN00806 • Issue Dated 14-09-2024 • Vol.42 No.37 • Ph. : 0175-2214575, 90410-14575 • Page : 16
E-mail : khetiduniyan1983@gmail.com




ਗੋਦਰੇਜ ਐਗਰੋਵੇਟ ਲਿਮਟਿਡ, ਗੋਦਰੇਜ ਵਨ, ਤੀਸਰੀ ਮੰਜ਼ਿਲ, ਪਿਰੋਜਸ਼ਾਨਗਰ, ਈਸਟਰਨ ਹਾਈਵੇ, ਵਿਕਰੋਲੀ (ਪੂਰਬ), ਮੁੰਬਈ - 400 079, Customer Care No.: 022-25194491 Email : customercare@godrejagrovet.com

# ਝੋਨੇ 'ਚ ਕੀਟਨਾਸ਼ਕਾਂ ਦੀ ਵਰਤੋਂ ਸੰਜਮ ਨਾਲ ਕਰੋ

ਡਾ. ਅਮਰੀਕ ਸਿੰਘ
ਮੋ. 94630-71919

ਚਾਲੂ ਸਾਉਣੀ ਦੌਰਾਨ ਪੰਜਾਬ ਵਿਚ ਤਕਰੀਬਨ 31 ਲੱਖ ਹੈਕਟੇਅਰ ਰਕਬੇ ਵਿਚ ਕੀਤੀ ਜਾਵੇਗੀ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਵਰਤੋਂ ਨੂੰ ਘੱਟ ਕਰਨ ਹਿੱਤ ਪੰਜਾਬ ਪੱਧਰ ਤੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਕਿਸਾਨਾਂ ਨੂੰ ਖੇਤੀ ਸਮੱਗਰੀ ਦੀ ਵਰਤੋਂ ਖੇਤੀ ਮਾਹਿਰਾਂ ਦੀ ਸਲਾਹ ਲੈਣ ਉਪਰੰਤ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਤਾਂ ਜੋ ਸ਼ੁੱਧ ਭੋਜਨ ਪੈਦਾ ਕੀਤਾ ਜਾ ਸਕੇ। ਪਿਛਲੇ ਸਾਲ ਚਲਾਈ ਮੁਹਿੰਮ ਸਦਕਾ ਸਾਉਣੀ ਦੌਰਾਨ ਵੱਡੀ ਪੱਧਰ 'ਤੇ ਕਿਸਾਨਾਂ ਵਲੋਂ



' ਖੇਤੀਬਾੜੀ ਮਾਹਿਰਾਂ ਦੀਆਂ ਸਿਫਾਰਿਸ਼ਾਂ ਨੂੰ ਮੰਨਦਿਆਂ ਸਿਫਾਰਿਸ਼ਸ਼ੁਦਾ ਕੀਟ ਨਾਸ਼ਕਾਂ ਦੀ ਵਰਤੋਂ ਕਰਨ ਤੋਂ ਪਹਿਲ ਦਿੱਤੀ ਗਈ ਜਿਸ ਸਦਕਾ ਬਾਸਮਤੀ ਦਾ ਭਾਅ ਚੰਗਾ ਮਿਲਣ ਅਤੇ ਖੇਤੀ ਲਾਗਤ ਖਰਚੇ ਘਟਣ ਕਾਰਨ ਕਿਸਾਨਾਂ ਨੂੰ ਵੱਡਾ ਆਰਥਿਕ ਫਾਇਦਾ ਹੋਇਆ ਸੀ। ਮਿਆਰੀ ਬਾਸਮਤੀ ਪੈਦਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਾਸਮਤੀ ਦੀ ਫਸਲ ਵਿਚ 10 ਕੀਟ ਨਾਸ਼ਕਾਂ ਰਸਾਇਣਾਂ ਦੀ ਵਰਤੋਂ ਤੇ ਰੋਕ ਲਗਾਉਣ ਕਾਰਨ ਇਸ ਸਾਲ ਵੀ ਬਾਸਮਤੀ ਦਾ ਭਾਅ ਚੰਗਾ ਮਿਲਣ ਦੀ ਸੰਭਾਵਨਾ ਵੱਧ ਗਈ ਹੈ।

ਖੇਤੀਬਾੜੀ ਵਿਚ ਫਸਲਾਂ ਦੀ ਕਾਸ਼ਤ ਦਾ ਸਮਾਂ ਨਿਸ਼ਚਿਤ ਹੁੰਦਾ ਹੈ ਜੇਕਰ ਕਿਸੇ ਦੀ ਗਲਤ ਸਲਾਹ ਨਾਲ ਕਿਸੇ ਗਲਤ ਕੀਟ ਨਾਸ਼ਕ ਦਾ ਛਿੜਕਾਅ ਫਸਲ 'ਤੇ ਹੋ ਜਾਵੇ ਤਾਂ ਉਸ ਨੂੰ ਠੀਕ ਕਰਨਾ ਅਸੰਭਵ ਹੋ ਜਾਂਦਾ ਹੈ। ਆਂਢੀ-ਗੁਆਂਢੀਆਂ ਜਾਂ ਦੁਕਾਨਦਾਰਾਂ ਦੇ ਕਹੇ 'ਤੇ ਦਵਾਈਆਂ ਵਰਤਣ ਦੀ ਬਜਾਏ, ਖੇਤੀ ਮਾਹਿਰਾਂ ਨਾਲ ਰਾਬਤਾ ਕਾਇਮ ਕਰਕੇ ਹੀ ਸਮੱਸਿਆ ਦਾ ਹੱਲ ਕੱਢਿਆ ਜਾਵੇ ਤਾਂ ਬਿਹਤਰ ਰਹੇਗਾ। ਅੱਜ ਹਰੇਕ ਕਿਸਾਨ ਕਿਸੇ ਨਾ ਕਿਸੇ ਖੇਤੀ ਮਾਹਿਰ ਦੀ ਸਲਾਹ ਲੈ ਸਕਦਾ ਹੈ। ਨਿੱਜੀ ਕੰਪਨੀਆਂ ਦੇ ਨੁਮਾਇੰਦੇ ਕਈ ਵਾਰ ਕਿਸਾਨੀ ਨੂੰ ਕਿਸੇ ਕੀਟ ਨਾਸ਼ਕ ਬਾਰੇ ਇੰਨੇ ਸਬਜ਼ਬਾਗ ਦਿਖਾ ਦਿੰਦੇ ਹਨ ਕਿ ਕਿਸਾਨ ਨਾ ਚਾਹੁੰਦਾ ਹੋਇਆ ਵੀ ਉਸ ਦਵਾਈ ਦੀ ਵਰਤੋਂ ਫਸਲ ਉੱਪਰ ਕਰ ਦਿੰਦਾ ਹੈ।

ਅੰਨ੍ਹੇਵਾਹ ਅਤੇ ਬਗੈਰ ਸਿਫਾਰਿਸ਼ਾਂ ਤੋਂ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਨਾਲ ਖਾਦ ਪਦਾਰਥ, ਵਾਤਾਵਰਨ ਪ੍ਰਦੂਸ਼ਿਤ ਤਾਂ ਹੋ ਹੀ ਰਿਹਾ ਹੈ ਅਤੇ ਨਾਲ ਹੀ ਖੇਤੀ ਲਾਗਤ ਖਰਚੇ ਵੱਧਣ ਕਾਰਨ ਸ਼ੁੱਧ ਖੇਤੀ ਆਮਦਨ ਘੱਟ ਰਹੀ ਹੈ। ਅੱਜ ਖਪਤਕਾਰਾਂ ਵਿਚ ਵੀ ਬਗੈਰ ਕੀਟਨਾਸ਼ਕਾਂ ਜਾਂ ਘੱਟ ਤੋਂ ਘੱਟ ਵਰਤੋਂ ਵਾਲੇ ਖੇਤੀ ਉਤਪਾਦਾਂ ਦੀ ਮੰਗ ਵੱਧਣ ਕਾਰਨ ਕੀਟ ਨਾਸ਼ਕਾਂ ਦੀ ਵਰਤੋਂ ਵਾਲੇ ਖੇਤੀ ਉਤਪਾਦਾਂ ਦੀ ਮੰਡੀ ਵਿਚ ਵਾਜਿਬ ਭਾਅ ਨਹੀਂ ਮਿਲਦਾ। ਪੰਜਾਬ ਵਿਚ ਹੀ ਕਈ ਅਗਾਂਹਵਧੂ ਕਿਸਾਨ ਜੈਵਿਕ ਖੇਤੀ ਉਤਪਾਦਾਂ ਦਾ ਖੁਦ ਮੰਡੀਕਰਨ ਕਰਕੇ ਚੰਗੀ ਆਮਦਨ ਲੈ ਰਹੇ ਹਨ, ਜੋ ਸ਼ਲਾਘਾਯੋਗ ਕੰਮ ਹੈ। ਸੋ ਜਿੰਨਾ ਵੀ ਹੋ ਸਕੇ ਕੀਟਨਾਸ਼ਕਾਂ/ਖਾਦਾਂ ਦੀ ਫਸਲਾਂ ਵਿਚ ਵਰਤੋਂ ਨੂੰ ਘਟਾਇਆ ਜਾਵੇ ਤਾਂ ਜੋ ਆਮ ਖਪਤਕਾਰਾਂ ਨੂੰ ਸ਼ੁੱਧ ਹਵਾ, ਸ਼ੁੱਧ ਪਾਣੀ ਅਤੇ ਸ਼ੁੱਧ ਭੋਜਨ ਮੁਹੱਈਆ ਕਰਵਾਇਆ ਜਾ ਸਕੇ, ਇਹੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਦਾ ਮੁੱਖ ਉਦੇਸ਼ ਹੈ। ਜੇਕਰ ਮਜ਼ਦੂਰਾਂ ਨੇ ਬਾਸਮਤੀ ਦੀ ਲਵਾਈ ਵਿਰਲੀ ਕੀਤੀ ਹੈ ਤਾਂ ਲਵਾਈ ਤੋਂ ਇਕ/ਹਫਤੇ ਦੇ ਅੰਦਰ ਅੰਦਰ ਪਨੀਰੀ ਦੀਆਂ ਕੁਝ ਮੁਈਆਂ ਆਪ ਖੇਤ ਵਿਚ ਵਿਰਲੀ ਜਗਾ 'ਤੇ ਲਾ ਦਿਓ।

ਕਈ ਹਾਲਾਤ ਵਿਚ ਜਿੱਥੇ ਪਾਣੀ ਦੀ ਘਾਟ ਹੋਵੇ ਜਾਂ ਪਾਣੀ ਦੇਰ ਨਾਲ ਲੱਗੇ ਤਾਂ ਲੋਹੇ ਦੀ ਘਾਟ ਆ ਸਕਦੀ ਹੈ ਜਿਸ ਕਾਰਨ ਫਸਲ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਪਨੀਰੀ ਧੌੜੀਆਂ ਵਿਚ ਪੀਲੀ ਪੈ ਜਾਂਦੀ ਹੈ। ਕਿਸਾਨ ਪੀਲੀ ਪਈ ਪਨੀਰੀ/ਫਸਲ ਨੂੰ ਆਂਢੀ-ਗੁਆਂਢੀਆਂ ਜਾਂ ਦੁਕਾਨਦਾਰਾਂ ਦੇ ਕਹੇ 'ਤੇ ਕਈ ਤਰ੍ਹਾਂ ਨਾਲ ਇਲਾਜ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਸ ਨਾਲ ਫਾਇਦੇ ਦੀ ਜਗਾ ਨੁਕਸਾਨ ਹੋ ਜਾਂਦਾ ਹੈ। ਜੇਕਰ ਪਨੀਰੀ ਵਿਚ ਲੋਹੇ ਦੀ ਘਾਟ ਆਵੇ ਤਾਂ ਇਕ ਕਿਲੋ ਫੈਰਿਸ ਸਲਫੇਟ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਹਫਤੇ ਹਫਤੇ ਬਾਅਦ ਦੋ ਛਿੜਕਾਅ ਕਰੋ। ਕਈ ਵਾਰ ਦੇਖਿਆ ਹੈ ਕਿ ਕਿਸਾਨ ਦੁਕਾਨਦਾਰ ਦੇ ਕਹੇ ਤੇ ਲੋਹੇ ਅਤੇ ਜ਼ਿੰਕ ਦੇ ਮਿਸ਼ਰਣ ਦਾ ਛਿੜਕਾਅ ਕਰਦੇ ਹਨ, ਜਿਸ ਨਾਲ ਫਸਲ ਨੂੰ ਕੋਈ ਰਾਹਤ ਨਹੀਂ ਮਿਲਦੀ। ਕਈ ਵਾਰ ਕਿਸਾਨ 10-10 ਕਿਲੋ ਪ੍ਰਤੀ ਏਕੜ ਫੈਰਿਸ ਸਲਫੇਟ ਖੇਤ ਵਿਚ ਪਾ ਦਿੰਦੇ ਹਨ ਜਿਸ ਦਾ ਵੀ ਕੋਈ ਫਾਇਦਾ ਨਹੀਂ ਹੁੰਦਾ ਕਿਉਕਿ ਫੈਰਿਸ ਸਲਫੇਟ ਦੀ ਵਰਤੋਂ ਦਾ ਫਾਇਦਾ ਤਾਂ ਹੀ ਹੋਵੇਗਾ ਜੇਕਰ ਛਿੜਕਾਅ ਕੀਤਾ ਜਾਵੇ। ਬਾਸਮਤੀ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ ਨਦੀਨ ਨਾਸ਼ਕਾਂ ਦੀ ਵਰਤੋਂ ਕਦੇ ਵੀ ਖਾਦ ਵਿਚ ਰਲਾ ਕੇ ਨਾ ਕਰੋ। ਪਨੀਰੀ ਦੀ ਲਵਾਈ ਤੋਂ 2-3 ਦਿਨਾਂ ਦੇ ਅੰਦਰ-ਅੰਦਰ ਸਿਫਾਰਿਸ਼ਸ਼ੁਦਾ ਨਦੀਨ ਨਾਸ਼ਕਾਂ ਦੀ ਸਿਫਾਰਿਸ਼ ਮਾਤਰਾ ਨੂੰ 60 ਕਿਲੋ ਰੇਤ ਪ੍ਰਤੀ ਏਕੜ ਦੇ ਹਿਸਾਬ ਨਾਲ ਰਲਾ ਕੇ ਖੜ੍ਹੇ ਪਾਣੀ ਵਿਚ ਛੱਟਾ ਦੇ ਕੇ ਕੀਤੀ ਜਾ ਸਕਦੀ ਹੈ। ਜੇਕਰ ਕੁਝ ਨਦੀਨ ਰਹਿ ਜਾਣ ਤਾਂ ਨਦੀਨ ਉੱਗਣ ਤੋਂ ਬਾਅਦ ਝੋਨੇ ਦੀ ਲਵਾਈ ਤੋਂ 20-25 ਦਿਨਾਂ ਬਾਅਦ 100 ਮਿਲੀਲਿਟਰ ਬਿਸਪਾਈਰੀਬੈਕ 10 ਈ ਸੀ ਦਾ ਛਿੜਕਾਅ ਕੀਤਾ ਜਾ ਸਕਦਾ ਹੈ।



ਝੋਨੇ ਦੀ ਲਵਾਈ ਤੋਂ ਬਾਅਦ ਅਕਸਰ ਦੇਖਿਆ ਗਿਆ ਹੈ ਕਿ ਨਿੱਜੀ ਕੀਟ ਨਾਸ਼ਕ ਜ਼ਹਿਰਾਂ ਵੇਚਣ ਵਾਲੇ ਅਦਾਰਿਆਂ ਦੇ ਨੁਮਾਇੰਦੇ ਪਿੰਡਾਂ ਵਿਚ ਕਿਸਾਨਾਂ ਕੋਲ ਪਹੁੰਚ ਕਰਕੇ ਦਾਣੇਦਾਰ ਕੀਟ ਨਾਸ਼ਕ ਦਵਾਈਆਂ ਜਾਂ ਜੈਵਿਕ ਖਾਦਾਂ ਵੇਚਣ ਲਈ ਸੰਪਰਕ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਕਿਸਾਨ ਨੂੰ ਸਬਜ਼ਬਾਗ ਦਿਖਾਉਂਦੇ ਹਨ ਕਿ ਦਾਣੇਦਾਰ ਕੀਟ ਨਾਸ਼ਕ ਰਸਾਇਣ ਨਾਲ ਪੱਤਾ ਲਪੇਟ ਸੁੰਡੀ ਅਤੇ ਤਣਾ ਛੇਦਕ ਸੁੰਡੀ ਫਸਲ ਨੂੰ ਨਹੀਂ ਲੱਗੇਗੀ ਅਤੇ ਪੌਦਾ ਵਧੇਰੇ ਫੁਟਾਰਾ ਕਰੇਗਾ। ਕਿਸਾਨ ਵੀਰੋ, ਜਿਥੋਂ ਤੱਕ ਵਧੇਰੇ ਫੁਟਾਰੇ ਦਾ ਸਵਾਲ ਹੈ ਇਹ ਤਾਂ ਕਿਸਮ, ਲਵਾਈ ਸਮੇਂ ਪਨੀਰੀ ਦੀ ਉਮਰ, ਜ਼ਮੀਨ ਦੀ ਸਿਹਤ ਅਤੇ ਖਾਦਾਂ ਪਾਉਣ ਦੇ ਸਮੇਂ 'ਤੇ ਨਿਰਭਰ ਕਰਦਾ ਹੈ। ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਪੀਆਰ-126 ਜਾਂ ਪੂਸਾ ਪੰਜਾਬ ਬਾਸਮਤੀ 1509, ਘੱਟ ਫੁਟਾਰਾ ਕਰਦੀਆਂ ਹਨ ਜਦ ਕਿ ਵਧੇਰੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਪੀ ਆਰ-128, ਪੀ ਆਰ-118 ਜਾਂ ਪੀ ਆਰ-131 ਵਧੇਰੇ ਫੁਟਾਰਾ ਕਰਦੀਆਂ ਹਨ। ਜੇਕਰ 20 ਤੋਂ 30 ਦਿਨ ਦੀ ਉਮਰ ਪਨੀਰੀ ਖੇਤ ਵਿਚ ਲਾਈ ਜਾਵੇ ਤਾਂ ਵਧੇਰੇ ਫੁਟਾਰਾ ਹੁੰਦਾ ਹੈ ਅਤੇ ਜੇਕਰ ਵਧੇਰੇ ਉਮਰ ਦੀ ਪਨੀਰੀ ਖੇਤ ਵਿਚ ਲਾਈ ਜਾਵੇ ਤਾਂ ਫੁਟਾਰਾ ਘੱਟ ਹੁੰਦਾ ਹੈ। ਇਸੇ ਤਰ੍ਹਾਂ ਜੇਕਰ ਜ਼ਮੀਨ ਵਿਚ ਜੈਵਿਕ ਮਾਦਾ ਵਧੇਰੇ ਹੈ ਪੌਦਾ ਫੁਟਾਰਾ ਜ਼ਿਆਦਾ ਕਰੇਗਾ ਅਤੇ ਜੇਕਰ ਮਾਦਾ ਜ਼ਮੀਨ ਵਿਚ ਘੱਟ ਹੈ ਤਾਂ ਫੁਟਾਰਾ ਘੱਟ ਹੋਵੇਗਾ।

ਪੰਜਾਬ ਵਿਚ ਝੋਨਾ 10 ਜੂਨ ਤੋਂ ਬਾਅਦ ਲੱਗਣਾ ਸ਼ੁਰੂ ਹੋਣ ਕਾਰਨ, ਗੋਭ ਦੀ ਸੁੰਡੀ ਪੰਜਾਬ ਵਿਚੋਂ ਆਪਣੇ ਆਪ ਖਤਮ ਹੋ ਗਈ ਹੈ। ਜੇਕਰ ਤਣਾ ਛੇਦਕ ਸੁੰਡੀ ਕੁਝ ਗਿਣਤੀ ਵਿਚ ਖੇਤਾਂ ਵਿਚ ਹੁੰਦੀ ਹੈ ਤਾਂ ਉਹ ਖੇਤ ਵਿਚ ਮੌਜੂਦ ਮਿੱਤਰ ਕੀੜਿਆਂ ਦੀ ਖੁਰਾਕ ਲਈ ਜ਼ਰੂਰੀ ਹੈ, ਜੋ ਖੇਤ ਵਿਚ 80-85% ਹੁੰਦੇ ਹਨ, ਸੋ ਦਾਣੇਦਾਰ ਕੀਟਨਾਸ਼ਕਾਂ ਦਾ ਗੋਭ ਦੀ ਸੁੰਡੀ ਮਾਰਨ ਨਾਲ ਕੋਈ ਸੰਬੰਧ ਨਹੀਂ ਹੈ, ਵੈਸੇ ਵੀ ਜੇਕਰ ਸੁੰਡੀ ਦਾ ਹਮਲਾ ਹੁੰਦਾ ਹੈ ਤਾਂ ਝੋਨੇ/ਬਾਸਮਤੀ ਦੀਆਂ ਗੋਭਾਂ ਨਿਕਲਣ ਸਮੇਂ ਹੀ ਹੁੰਦਾ ਹੈ। ਦਾਣੇਦਾਰ ਕੀਟ ਨਾਸ਼ਕ ਦਾ ਅਸਰ ਸਿਰਫ 15 ਦਿਨ ਹੀ ਰਹਿੰਦਾ ਹੈ। ਝੋਨੇ ਦੀ ਫਸਲ ਦਾ ਰੰਗ ਕਾਲਾ ਕਰਨ ਲਈ ਵੀ ਇਨ੍ਹਾਂ ਜ਼ਹਿਰਾਂ ਜਾਂ ਖਾਦਾਂ ਦੀ ਵਰਤੋਂ ਨਾ ਕਰੋ ਕਿਉਕਿ ਵਧੇਰੇ ਗੂੜ੍ਹੇ ਹਰੇ ਰੰਗ ਵਾਲੀ ਫਸਲ ਉੱਪਰ ਕੀੜੇ ਅਤੇ ਬਿਮਾਰੀਆਂ ਵਧੇਰੇ ਹਮਲਾ ਕਰਦੇ ਹਨ ਅਤੇ ਫਸਲ ਡਿੱਗਦੀ ਵੀ ਜਲਦੀ ਹੈ। ਜੇ ਬਾਸਮਤੀ ਦੀ ਫਸਲ ਵਿਚ ਜ਼ਰੂਰਤ ਹੋਵੇ ਤਾਂ ਇਸਤੇਮਾਲ ਕਰੋ ਪਰ ਲੋੜ ਅਨੁਸਾਰ ਸਿਫਾਰਿਸ਼ਸ਼ੁਦਾ ਕੀਟ ਨਾਸ਼ਕਾਂ ਦੀ ਖੇਤੀ ਮਾਹਿਰਾਂ ਦੀ ਸਲਾਹ 'ਤੇ ਹੀ ਕਰੋ।

ਝੋਨੇ ਵਿਚ ਲਗਾਤਾਰ ਪਾਣੀ ਖੜ੍ਹਾ ਰੱਖਣ ਨਾਲ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ। ਝੋਨੇ ਨੂੰ ਅਗਲਾ ਪਾਣੀ ਉਦੋਂ ਦਿਓ ਜਦੋਂ ਪਹਿਲੇ ਪਾਣੀ ਨੂੰ ਜ਼ਮੀਨ ਵਿਚ ਜੀਰੇ ਨੂੰ 2-3 ਦਿਨ ਹੋ ਗਏ ਹੋਣ, ਖਿਆਲ ਰੱਖੋ ਕਿ ਜ਼ਮੀਨ 'ਚ ਤਰੇੜਾਂ ਨਾ ਪੈਣ। ਫਸਲਾਂ ਉੱਪਰ ਕਿਸੇ ਜਾਂ ਦੁਕਾਨਦਾਰਾਂ ਦੇ ਕਹੇ, 'ਤੇ ਗੈਰ-ਜ਼ਰੂਰੀ ਖੇਤੀ ਸਮੱਗਰੀ ਦੀ ਵਰਤੋਂ ਕਰਨ ਦੀ ਬਜਾਏ ਮਾਹਿਰਾਂ ਦੀ ਸਲਾਹ ਨਾਲ ਹੀ ਕਰੀਏ।

## ਮਿਆਰੀ ਬਾਸਮਤੀ ਦੀ ਕਰੋ ਪੈਦਾਵਾਰ

ਇਸ ਵਾਰ ਬਾਸਮਤੀ ਦੀ ਬਾਹਰਲੇ ਦੇਸ਼ਾਂ ਵਿਚ ਭਾਰੀ ਮੰਗ ਹੈ। ਸ਼ੁੱਧ ਅਤੇ ਮਿਆਰੀ ਬਾਸਮਤੀ ਪੈਦਾ ਕਰਨ ਲਈ ਬਾਸਮਤੀ ਦੀ



ਫਸਲ ਉੱਪਰ ਕਾਰਬੈਂਡਾਜ਼ਿਮ, ਟ੍ਰਾਈਸਾਈਕਲਾਜ਼ੋਲ, ਥਾਈਆਮੈਥੋਕਸਮ, ਐਸੀਫੇਟ, ਬੁਫਰੋਜ਼ਿਨ, ਕਲੋਰਪਾਈਰੀਫੋਸ, ਇਮੀਡਾਕਲੋਪ੍ਰਿਡ, ਹੈਕਸਾਕੋਨਾਜ਼ੋਲ, ਪ੍ਰੋਪੀਕੋਨਾਜ਼ੋਲ ਅਤੇ ਪ੍ਰੋਫਿਨੋਫਾਸ ਦੀ ਵਰਤੋਂ ਕਰਨ ਤੇ ਪੰਜਾਬ ਸਰਕਾਰ ਵਲੋਂ ਪਾਬੰਦੀ ਲਗਾ ਦਿੱਤੀ ਗਈ ਹੈ। ਜੇਕਰ ਜ਼ਰੂਰਤ ਪਵੇ ਤਾਂ ਖੇਤੀ ਮਾਹਿਰਾਂ ਦੀ ਸਲਾਹ ਨਾਲ ਬਦਲਵੇਂ ਰਸਾਇਣਾਂ ਦਾ ਛਿੜਕਾਅ ਕਰੋ। ਭੌਂ ਪਰਖ ਪ੍ਰਯੋਗਸ਼ਾਲਾ ਫਰੀਦਕੋਟ ਵਿਚ ਪਰਖ ਕੀਤੇ ਗਏ ਮਿੱਟੀ ਦੇ ਨਮੂਨਿਆਂ ਵਿਚ ਪਾਇਆ ਗਿਆ ਹੈ ਕਿ ਮਿੱਟੀ ਵਿਚ ਸਲਫਰ ਖੁਰਾਕੀ ਤੱਤ ਬਹੁਤਾਤ ਮਾਤਰਾ ਵਿਚ ਮੌਜੂਦ ਹੈ, ਇਸ ਲਈ ਝੋਨੇ ਦੀ ਫਸਲ ਨੂੰ ਸਲਫਰ ਖਾਦ ਪਾਉਣ ਦੀ ਜ਼ਰੂਰਤ ਨਹੀਂ।




KRISHI RASAYAN EXPORTS PVT. LTD.

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 37
ਮਿਤੀ 14-09-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਫੂਡ ਪ੍ਰੋਸੈਸਿੰਗ 'ਚ ਕਿਸਾਨਾਂ ਅਤੇ ਐੱਸ.ਐੱਮ.ਈਜ਼ ਦਾ ਗਲੋਬਲ ਕੰਪਨੀਆਂ ਨਾਲ ਗੱਠਜੋੜ ਹੋਵੇ

ਖੇਤ ਦੇ ਖਾਣੇ ਤੋਂ ਥਾਲੀ (ਫਾਰਮ ਟੂ ਪਲੇਟ) ਤੱਕ ਪਹੁੰਚਣ ਤੋਂ ਪਹਿਲਾਂ ਹੀ 90,000 ਕਰੋੜ ਰੁਪਏ ਦੀਆਂ ਫਸਲਾਂ ਰੱਖ-ਰਖਾਅ ਨਾ ਹੋਣ ਕਾਰਨ ਸਾਲ ਭਰ 'ਚ ਬਰਬਾਦ ਹੋ ਜਾਂਦੀਆਂ ਹਨ। ਇਸ ਨੂੰ ਘਟਾਉਣ ਲਈ ਖੇਤਾਂ ਦੇ ਨੇੜੇ ਫੂਡ ਪ੍ਰੋਸੈਸਿੰਗ ਯੂਨਿਟਾਂ ਨੂੰ ਕੋਲਡ ਸਪਲਾਈ ਚੇਨ ਨਾਲ ਜੋੜਿਆ ਜਾਣਾ ਚਾਹੀਦਾ ਹੈ ਅਤੇ ਭਾਰਤੀ ਕੰਪਨੀਆਂ ਨੂੰ ਗਲੋਬਲ ਕੰਪਨੀਆਂ ਨਾਲ ਸਮਝੌਤਾ ਕਰਨਾ ਚਾਹੀਦਾ ਹੈ। ਕਿਸਾਨਾਂ ਨੂੰ ਬਿਹਤਰ ਮੁਨਾਫਾ ਯਕੀਨੀ ਬਣਾਉਣ ਲਈ ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲਾ 19 ਤੋਂ 22 ਸਤੰਬਰ ਤੱਕ ਦਿੱਲੀ 'ਚ 'ਵਰਲਡ ਫੂਡ ਇੰਡੀਆ' ਦੀ ਮੇਜ਼ਬਾਨੀ ਕਰੇਗਾ।

ਕੇਂਦਰ ਬਜਟ ਵਿਚ ਜਲਵਾਯੂ ਸੰਕਟ ਨਾਲ ਨਜਿੱਠਣ, ਖੇਤੀ ਉਤਪਾਦਨ ਵਧਾਉਣ ਅਤੇ ਪ੍ਰੋਸੈੱਸਡ ਫੂਡ ਦੀ ਬਰਾਮਦ ਲਈ ਵੀ 1.52 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਪਿਛਲੇ ਇਕ ਸਾਲ ਵਿਚ ਖੇਤੀ ਉਤਪਾਦਾਂ ਦੀ ਬਰਾਮਦ ਵਿਚ 8 ਫੀਸਦੀ ਦੀ ਗਿਰਾਵਟ ਨੇ ਖੇਤੀ ਅਤੇ ਸਬੰਧਤ ਕਾਰੋਬਾਰਾਂ ਨਾਲ ਜੁੜੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ। ਖੇਤੀ ਉਤਪਾਦਾਂ ਬਰਾਮਦ 2022-23 ਵਿਚ 53.2 ਬਿਲੀਅਨ ਡਾਲਰ ਅਤੇ 2022-23 ਵਿਚ 53.2 ਬਿਲੀਅਨ ਡਾਲਰ ਸੀ। 2014 ਤੋਂ 2023 ਦੌਰਾਨ ਖੇਤੀ ਬਰਾਮਦ ਦੀ ਔਸਤ ਸਲਾਨਾ ਵਾਧਾ ਦਰ ਸਿਰਫ 2 ਫੀਸਦੀ ਰਹੀ।

ਮੁੱਖ ਤੌਰ 'ਤੇ ਚੌਲ, ਕਣਕ, ਮੀਟ, ਮਸਾਲੇ, ਖੰਡ, ਚਾਹ ਅਤੇ ਕੌਫੀ ਦੀ 50 ਫੀਸਦੀ ਤੋਂ ਵੱਧ ਖੇਤੀਬਾੜੀ ਬਰਾਮਦ ਹੁੰਦੀ ਹੈ, ਘਰੇਲੂ ਮੰਗ ਅਤੇ ਸਪਲਾਈ ਨੂੰ ਸੰਤੁਲਿਤ ਕਰਨ ਅਤੇ ਮਹਿੰਗਾਈ ਨੂੰ ਕੰਟਰੋਲ ਕਰਨ ਦੇ ਨਾਂ 'ਤੇ ਕਈ ਵਾਰ ਬਰਾਮਦ ਨੂੰ ਰੋਕ ਦਿੱਤਾ ਜਾਂਦਾ ਹੈ।

ਪਿਛਲੇ ਇਕ ਦਹਾਕੇ ਤੋਂ ਦੇਸ਼ ਵਿਚੋਂ ਖੇਤੀ ਉਤਪਾਦਾਂ ਦੀ ਬਰਾਮਦ ਵਿਚ ਪ੍ਰੋਸੈੱਸਡ ਫੂਡ ਦੀ ਹਿੱਸੇਦਾਰੀ ਸਿਰਫ 25 ਫੀਸਦੀ ਰਹੀ ਹੈ। ਪ੍ਰੋਸੈੱਸਡ ਫੂਡ ਬਿਜ਼ਨੈੱਸ ਨੂੰ ਟੈਕਨਾਲੋਜੀ ਆਧਾਰਿਤ ਵੱਡੀ ਉਤਪਾਦਨ ਸਮਰੱਥਾ ਵਾਲੇ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਕੇ ਹੀ ਗਲੋਬਲ ਮਾਰਕੀਟ ਵਿਚ ਸਥਾਪਿਤ ਕੀਤਾ ਜਾ ਸਕਦਾ ਹੈ।

ਸਵਿਟਜ਼ਰਲੈਂਡ ਦੀਆਂ ਨੈਸਲੇ ਵਰਗੀਆਂ ਫੂਡ ਪ੍ਰੋਸੈਸਿੰਗ ਅਤੇ ਪੀਣ ਵਾਲੇ ਪਦਾਰਥ ਬਣਾਉਣ ਵਾਲੀਆਂ ਕੰਪਨੀਆਂ ਨੇ ਤਕਨਾਲੋਜੀ ਅਤੇ ਖੋਜ ਦੀ ਮਦਦ ਨਾਲ 111 ਬਿਲੀਅਨ ਅਮਰੀਕੀ ਡਾਲਰ ਦਾ ਸਾਲਾਨਾ ਟਰਨਓਵਰ ਸਥਾਪਤ ਕੀਤਾ ਹੈ, ਜਦੋਂ ਕਿ ਭਾਰਤ ਦੀ ਅਮੂਲ 9 ਬਿਲੀਅਨ ਅਮਰੀਕੀ ਡਾਲਰ ਦੇ ਟਰਨਓਵਰ ਨਾਲ ਆਪਣੀ ਉਤਪਾਦਨ ਸਮਰੱਥਾ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਵਿਚ ਪੱਛੜ ਜਾਣ ਕਾਰਨ ਘਰੇਲੂ ਬਾਜ਼ਾਰ ਤੱਕ ਸੀਮਤ ਰਹਿ ਗਈ।

**ਫੂਡ ਪ੍ਰੋਸੈਸਿੰਗ ਫੂਡ 'ਚ 17ਵੇਂ ਨੰਬਰ 'ਤੇ** : ਲਗਭਗ 1 ਟ੍ਰਿਲੀਅਨ ਡਾਲਰ ਸਾਲਾਨਾ ਦੇ ਪ੍ਰੋਸੈੱਸਡ ਖੇਤੀ ਉਤਪਾਦਾਂ ਦੇ ਗਲੋਬਲ ਬਰਾਮਦ ਕਾਰੋਬਾਰ ਵਿਚ ਜਰਮਨੀ ਪਹਿਲੇ (63 ਬਿਲੀਅਨ ਡਾਲਰ) ਨੰਬਰ 'ਤੇ ਹੈ। ਅਮਰੀਕਾ (58 ਬਿਲੀਅਨ ਡਾਲਰ), ਨੀਦਰਲੈਂਡ (57 ਬਿਲੀਅਨ ਡਾਲਰ), ਚੀਨ (53 ਬਿਲੀਅਨ ਡਾਲਰ) ਅਤੇ ਫਰਾਂਸ ਦਾ ਪ੍ਰੋਸੈੱਸਡ ਫੂਡ ਕਾਰੋਬਾਰ 50 ਬਿਲੀਅਨ ਡਾਲਰ ਦਾ ਹੈ। ਦੱਖਣੀ ਇੰਡੋਨੇਸ਼ੀਆ, ਮਲੇਸ਼ੀਆ ਅਤੇ ਥਾਈਲੈਂਡ ਵਰਗੇ ਪੂਰਬੀ ਏਸ਼ੀਆਈ ਦੇਸ਼ ਵੀ ਪ੍ਰੋਸੈੱਸਡ ਖੇਤੀ ਉਤਪਾਦਾਂ ਦੇ ਵੱਡੇ ਬਰਾਮਦਕਾਰ ਹਨ।

ਖੇਤੀਬਾੜੀ ਬਰਾਮਦ ਨੀਤੀ ਦੇ ਲਾਗੂ ਹੋਣ ਦੇ ਪੰਜ ਸਾਲਾਂ ਬਾਅਦ ਵੀ, ਭਾਰਤ ਦੇ ਪ੍ਰੋਸੈੱਸਡ ਫੂਡ ਬਰਾਮਦ ਵਿਚ ਸਿਰਫ 6.5 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ ਜਿਸ ਦੇ ਨਤੀਜੇ ਵਜੋਂ 15 ਬਿਲੀਅਨ ਡਾਲਰ ਦਾ ਬਰਾਮਦ ਕਾਰੋਬਾਰ ਹੋਇਆ ਹੈ। ਹਾਲਾਂਕਿ ਪ੍ਰੋਸੈੱਸਡ ਫੂਡ ਦੇ ਗਲੋਬਲ ਬਾਜ਼ਾਰ ਵਿਚ ਭਾਰਤ ਦੇ ਰੈਂਕਿੰਗ 21ਵੇਂ ਤੋਂ 17ਵੇਂ ਸਥਾਨ 'ਤੇ ਆ ਗਈ ਹੈ, ਪਰ ਫਸਲਾਂ ਦੀ ਬਰਬਾਦੀ ਨੂੰ ਘੱਟ ਕਰਨ ਲਈ ਪ੍ਰੋਸੈਸਿੰਗ ਵਧਾਉਣ ਦੀ ਲੋੜ ਹੈ।

**90 ਹਜ਼ਾਰ ਕਰੋੜ ਰੁਪਏ ਦੀਆਂ ਫਸਲਾਂ ਬਰਬਾਦ** : 2023-24 ਦੇ ਹਾਲ ਹੀ ਵਿਚ ਜਾਰੀ ਆਰਥਿਕ ਸਰਵੇਖਣ ਅਨੁਸਾਰ, ਭਾਰਤ 300 ਮਿਲੀਅਨ ਟਨ ਦੇ ਔਸਤ ਸਲਾਨਾ ਉਤਪਾਦਨ ਨਾਲ ਚੀਨ ਤੋਂ ਬਾਅਦ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਫਲ ਅਤੇ ਸਬਜ਼ੀਆਂ ਦਾ ਉਤਪਾਦਕ ਦੇਸ਼ ਹੋਣ ਦੇ ਬਾਵਜੂਦ, ਇੱਥੇ ਸਿਰਫ 2.7 ਫੀਸਦੀ ਸਬਜ਼ੀਆਂ ਅਤੇ 4.5 ਫੀਸਦੀ ਫਲਾਂ ਦੀ ਪ੍ਰੋਸੈਸਿੰਗ ਹੁੰਦੀ ਹੈ ਜਦੋਂ ਕਿ ਦੁੱਧ 21.1 ਫੀਸਦੀ, ਮੀਟ 34.2 ਫੀਸਦੀ ਅਤੇ ਮੱਛੀ 15.4 ਫੀਸਦੀ ਦੇ ਮੁਕਾਬਲੇ ਚੀਨ 'ਚ 25.30 ਫੀਸਦੀ ਅਤੇ ਪੱਛਮੀ ਦੇਸ਼ਾਂ 'ਚ 60.80 ਫੀਸਦੀ ਪ੍ਰੋਸੈਸਿੰਗ ਹੁੰਦੀ ਹੈ।



ਡਾ. ਅੰਮ੍ਰਿਤ ਸਾਗਰ ਮਿੱਤਲ, ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ, ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ, ਪੰਜਾਬ ਇਕੋਨੋਮਿਕ ਪਾਲਿਸੀ।

ਹਾਈਟੈੱਕ ਪ੍ਰੋਸੈਸਿੰਗ ਸਮਰੱਥਾ ਦੀ ਘਾਟ ਕਾਰਨ ਸਾਡੀਆਂ ਫਸਲਾਂ ਬਰਬਾਦ ਹੋ ਰਹੀਆਂ ਹਨ। ਵਾਢੀ ਤੋਂ ਬਾਅਦ ਲਗਭਗ 18 ਤੋਂ 25 ਫੀਸਦੀ ਫਸਲਾਂ ਦਾ ਨੁਕਸਾਨ ਹੁੰਦਾ ਹੈ, ਜਦੋਂ ਕਿ ਲਗਭਗ 45 ਫੀਸਦੀ ਫਲ ਅਤੇ ਸਬਜ਼ੀਆਂ ਖਾਣੇ ਦੀ ਪਲੇਟ ਤੱਕ ਪਹੁੰਚਣ ਤੋਂ ਪਹਿਲਾਂ ਹੀ ਖਰਾਬ ਹੋ ਜਾਂਦੀਆਂ ਹਨ। ਨੀਤੀ ਆਯੋਗ ਨੇ ਸਾਲਾਨਾ ਲਗਭਗ 90,000 ਕਰੋੜ ਰੁਪਏ ਦੀਆਂ ਫਸਲਾਂ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਹੈ। ਇਸ ਨੂੰ ਦੂਰ ਕਰਨ ਲਈ, ਕਮਿਸ਼ਨ ਨੇ ਖੇਤਾਂ ਦੇ ਨੇੜੇ ਫਸਲਾਂ ਦੀ ਛਾਂਟੀ ਅਤੇ ਗ੍ਰੇਡਿੰਗ ਤੋਂ ਇਲਾਵਾ ਪ੍ਰੋਸੈਸਿੰਗ ਸਮਰੱਥਾ ਵਧਾਉਣ ਦਾ ਸੁਝਾਅ ਦਿੱਤਾ ਹੈ।

**ਕਿਸਾਨਾਂ ਨੂੰ ਕੀਤਾ ਜਾਵੇ ਉਤਸ਼ਾਹਿਤ** : ਖੇਤਾਂ ਵਿਚ ਫਸਲਾਂ ਦੀ ਬਰਬਾਦੀ ਘਟਾਉਣ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ। 2020 ਵਿਚ, ਕੇਂਦਰ ਸਰਕਾਰ ਵਲੋਂ ਖੇਤਾਂ ਵਿਚ ਨੇੜੇ ਕੋਲਡ ਸਟੋਰ ਚੇਨ ਅਤੇ ਵਾਢੀ ਪਿੱਛੋਂ ਫਸਲਾਂ ਦੇ ਰੱਖ-ਰਖਾਅ ਲਈ ਬੁਨਿਆਦੀ ਢਾਂਚਾ ਸਥਾਪਤ ਕਰਨ ਲਈ 1 ਟ੍ਰਿਲੀਅਨ ਰੁਪਏ ਦੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਨਾਲ ਕਿਸਾਨਾਂ ਅਤੇ ਉੱਦਮੀਆਂ ਨੂੰ ਆਸਾਨ ਕਰਜ਼ੇ ਦੀ ਵਿਵਸਥਾ ਕੀਤੀ ਗਈ।

ਹਾਲ ਹੀ ਵਿਚ ਜਾਰੀ ਕੀਤੀ ਗਈ ਫੂਡ ਪ੍ਰੋਸੈਸਿੰਗ ਨੀਤੀ ਵਿਚ, ਤਾਮਿਲਨਾਡੂ ਨੇ ਫਸਲਾਂ ਦੀ ਬਰਬਾਦੀ ਨੂੰ ਘਟਾਉਣ ਅਤੇ ਖੇਤੀਬਾੜੀ ਉਤਪਾਦਾਂ ਦੇ ਮੁੱਲ ਨੂੰ ਵਧਾਉਣ ਵੱਲ ਕਦਮ ਚੁੱਕੇ ਹਨ। ਇਹ ਨੀਤੀ ਕਿਸਾਨ ਉਤਪਾਦਕ ਸੰਸਥਾਵਾਂ (ਐੱਫ. ਪੀ. ਓਜ਼) ਅਤੇ ਫੂਡ ਪ੍ਰੋਸੈਸਿੰਗ ਉਦਯੋਗਾਂ ਨੂੰ ਕੇਂਦਰੀ ਸਕੀਮਾਂ ਤੋਂ ਵਿੱਤੀ ਸਹਾਇਤਾ ਲੈਣ ਲਈ ਉਤਸ਼ਾਹਿਤ ਕਰਦੀ ਹੈ। ਫੂਡ ਪ੍ਰੋਸੈਸਿੰਗ ਨੂੰ ਉਤਸ਼ਾਹਿਤ ਕਰਨ ਲਈ ਹਰਿਆਣਾ ਵਰਗੇ ਗੁਆਂਢੀ ਸੂਬੇ ਨੇ ਵੀ 'ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ ਨੀਤੀ' ਲਾਗੂ ਕੀਤੀ ਹੈ, ਜਦੋਂ ਕਿ ਪੰਜਾਬ ਦੇ ਕਿਸਾਨ ਅਜਿਹੀਆਂ ਪਹਿਲਕਦਮੀ ਦੀ ਉਡੀਕ ਕਰ ਰਹੇ ਹਨ।

**ਪੀ. ਐੱਲ. ਆਈ.ਸਕੀਮ 'ਚ ਸੁਧਾਰ ਹੋਵੇ** : ਫੂਡ ਪ੍ਰੋਸੈਸਿੰਗ ਉਦਯੋਗ ਲਈ ਸਾਲ 2021-22 ਤੋਂ 2026-27 ਤੱਕ 10,900 ਕਰੋੜ ਰੁਪਏ ਦੀ ਪ੍ਰੋਡਕਸ਼ਨ ਲਿੰਕਡ ਇੰਸੈਂਟਿਵ (ਪੀ.ਐੱਲ. ਆਈ.) ਸਕੀਮ ਦਾ ਮੰਤਵ ਵੱਡੀਆਂ ਗਲੋਬਲ ਕੰਪਨੀਆਂ ਨੂੰ ਭਾਰਤ ਤੋਂ ਵਸਤੂਆਂ ਦਾ ਉਤਪਾਦਨ ਅਤੇ ਬਰਾਮਦ ਕਰਨ ਲਈ ਆਕਰਸ਼ਿਤ ਕਰਨਾ ਹੈ। ਉਤਪਾਦਨ ਪ੍ਰੋਤਸਾਹਨ ਯੋਜਨਾ ਦੇ 90 ਫੀਸਦੀ ਫੰਡਾਂ ਦੀ ਮਈ 2024 ਤੱਕ ਵਰਤੋਂ ਨਹੀਂ ਕੀਤੀ ਜਾ ਸਕੀ ਹੈ।

ਸਿਰਫ 158 ਛੋਟੇ ਅਤੇ ਦਰਮਿਆਨੇ ਉੱਦਮੀਆਂ (ਐੱਸ. ਐੱਮ.ਈ.) ਨੂੰ 1073 ਕਰੋੜ ਰੁਪਏ ਜਾਰੀ ਹੋ ਸਕੇ, ਜਦਕਿ ਸਕੀਮ ਦੀ ਸਮਾਂ-ਹੱਦ ਅੱਧੀ ਤੋਂ ਵੱਧ ਲੰਘ ਚੁੱਕੀ ਹੈ। ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਨੀਤੀਗਤ ਦਖਲ ਦੀ ਲੋੜ ਹੈ। ਪੀ. ਐੱਲ. ਆਈ. ਸਕੀਮ ਦੀ ਮਦਦ ਨਾਲ ਗਲੋਬਲ ਬਾਜ਼ਾਰ 'ਚ ਐਕਸਪੋਰਟ ਵਧਾਉਣ ਲਈ ਸਾਡੇ ਐੱਸ.ਐੱਮ.ਈ. ਦਾ ਹਾਈਟੈੱਕ 'ਗਲੋਬਲ ਐਂਕਰ' ਕੰਪਨੀਆਂ ਨਾਲ ਸਰਕਾਰ ਨੂੰ ਗੱਠਜੋੜ ਕਰਨਾ ਪਵੇਗਾ।

**ਫੂਡ ਪ੍ਰੋਸੈਸਿੰਗ 'ਚ 100 ਫੀਸਦੀ ਸਿੱਧਾ ਵਿਦੇਸ਼ੀ ਨਿਵੇਸ਼** : ਐੱਫ.ਡੀ.ਆਈ. ਦੀ ਆਗਿਆ ਦੇ ਬਾਵਜੂਦ ਬੀਤੇ ਇਕ ਦਹਾਕੇ ਦੌਰਾਨ ਭਾਰਤ 'ਚ 500 ਅਰਬ ਰੁਪਏ ਦੀ ਐੱਫ.ਡੀ.ਆਈ. ਅਤੇ ਵੱਧ ਵਧਾਉਣ ਦੀ ਲੋੜ ਹੈ।

**ਅੱਗੇ ਦੀ ਰਾਹ** : ਫੂਡ ਪ੍ਰੋਸੈਸਿੰਗ ਸੈਕਟਰ ਖੇਤੀ 'ਚ ਵੱਡਾ ਬਦਲਾਅ ਲਿਆ ਸਕਦਾ ਹੈ। ਗਲੋਬਲ ਕੰਪਨੀਆਂ ਦੀ ਨਵੀਨਤਮ ਫੂਡ ਪ੍ਰੋਸੈਸਿੰਗ ਤਕਨਾਲੋਜੀ ਦੀ ਮਦਦ ਨਾਲ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚ ਵਧਾਈ ਜਾ ਸਕਦੀ ਹੈ। ਗਲੋਬਲ ਕੰਪਨੀਆਂ ਦੀ ਕਿਸਾਨ ਉਤਪਾਦਕ ਸੰਗਠਨਾਂ, ਐੱਫ. ਪੀ. ਓਜ਼ ਅਤੇ ਐੱਸ. ਐੱਮ. ਈ. ਨਾਲ ਸਾਂਝੇਦਾਰੀ ਕਰਨ ਲਈ ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀ ਮੰਤਰਾਲਾ ਕਾਰਗਰ ਪਹਿਲ ਕਰੇ।






## ਸੰਸਾਰ ਭਰ ਵਿਚ ਵਧ ਰਹੇ

# ਖੇਤੀ ਸੰਕਟ ਅਤੇ ਕਿਸਾਨ ਅੰਦੋਲਨਾਂ ਦੇ ਹੱਲ ਲਈ ਕਿਸਾਨ ਪੱਖੀ ਉਸਾਰੂ ਖੇਤੀ ਨੀਤੀਆਂ ਦੀ ਲੋੜ

ਡਾ. ਮਨਪ੍ਰੀਤ ਕੌਰ, ਸਹਾਇਕ ਪ੍ਰੋਫੈਸਰ, ਅਰਥ ਸ਼ਾਸਤਰ,
ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ

**ਵਰਤਮਾਨ ਸਮੇਂ ਵਿਚ ਨਾ ਸਿਰਫ ਭਾਰਤ ਬਲਕਿ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਕਿਸਾਨਾਂ ਦੀਆਂ ਵਧ ਰਹੀਆਂ ਸਮੱਸਿਆਵਾਂ ਨੇ ਕਿਸਾਨ ਅੰਦੋਲਨਾਂ ਦੀ ਕਤਾਰ ਲਗਾ ਦਿੱਤੀ ਹੈ। ਕਈ ਦੇਸ਼ਾਂ ਵਿਚ ਤਾਂ ਸਥਿਤੀ ਬਹੁਤ ਤਣਾਅਪੂਰਨ ਹੋ ਗਈ ਹੈ। ਭਾਵੇਂ ਹਰੇਕ ਦੇਸ਼ ਵਿਚ ਇਹਨਾਂ ਅੰਦੋਲਨਾਂ ਦੇ ਕਾਰਨ ਵੱਖ-ਵੱਖ ਹਨ, ਪਰ ਇਸ ਤੋਂ ਇਹ ਸਾਫ ਤੇ ਸਪੱਸ਼ਟ ਸਿੱਧ ਹੁੰਦਾ ਹੈ ਕਿ ਅਜੋਕੇ ਯੁੱਗ ਵਿਚ ਖੇਤੀ ਖੇਤਰ ਅਤੇ ਸਮੁੱਚਾ ਕਿਸਾਨੀ ਵਰਗ ਇੱਕ ਬਹੁਤ ਵੱਡੇ ਖੇਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਪਿਛਲੇ ਇਕ ਸਾਲ ਤੋਂ ਇਹਨਾਂ ਕਿਸਾਨ ਅੰਦੋਲਨਾਂ ਦੇ ਕਾਰਨ ਇਸ ਤਰ੍ਹਾਂ ਹਨ।**

**ਯੂਰਪ**

ਇੰਗਲੈਂਡ ਅਤੇ ਯੂਰਪੀ ਸੰਘ ਦੇ ਕਈ ਦੇਸ਼ਾਂ ਜਿਵੇਂ ਕਿ ਫਰਾਂਸ, ਯੂਨਾਨ, ਸਪੇਨ, ਇਟਲੀ, ਜਰਮਨੀ ਨੀਦਰਲੈਂਡ, ਰੋਮਾਨੀਆ, ਬੈਲਜ਼ੀਅਮ, ਪੁਰਤਗਾਲ, ਲਿਥੁਆਨੀਆ, ਚੈੱਕ ਰੀਪਬਲਿਕ ਅਤੇ ਪੋਲੈਂਡ ਵਿਚ ਕਿਸਾਨ ਅੰਦੋਲਨਾਂ ਦਾ ਮੁੱਖ ਕਾਰਨ ਯੂਕਰੇਨ ਤੋਂ ਆਉਣ ਵਾਲੇ ਸਸਤੇ




ਖੇਤੀ ਉਤਪਾਦਾਂ ਦੇ ਅਯਾਤ ਕਰਕੇ ਹੈ। ਯੂਰਪੀ ਸੰਘ ਦੀ ਸਾਂਝੀ ਖੇਤੀ ਨੀਤੀ ਦੇ ਤਹਿਤ ਇਹਨਾਂ ਦੇਸ਼ਾਂ ਨੇ ਰੂਸ ਦੇ ਯੂਕਰੇਨ ਉੱਪਰ ਹਮਲੇ ਤੋਂ ਬਾਅਦ ਯੂਕਰੇਨ ਤੋਂ ਨਿਰਯਾਤ ਹੋਣ ਵਾਲੇ ਖੇਤੀ ਉਤਪਾਦਾਂ ਉੱਪਰ ਕਈ ਤਰ੍ਹਾਂ ਦੇ ਟੈਕਸ ਅਤੇ ਟੈਰਿਫ ਦਰਾਂ ਵਿਚ ਛੋਟ ਦੇ ਦਿੱਤੀ। ਸਿੱਟੇ ਵਜੋਂ ਇਹਨਾਂ ਦੇਸ਼ਾਂ ਵਿਚ ਯੂਕਰੇਨ ਦੇ ਖੇਤੀ ਉਤਪਾਦਾਂ ਦੀ ਮੰਗ ਅਤੇ ਕੀਮਤਾਂ ਉੱਪਰ ਕਾਫੀ ਬੁਰਾ ਪ੍ਰਭਾਵ ਪਿਆ ਹੈ ਅਤੇ ਕਿਸਾਨਾਂ ਦੀ ਆਮਦਨ ਵਿਚ ਗਿਰਾਵਟ ਆਉਣ ਦਾ ਕਾਰਨ ਬਣਿਆ ਹੈ। ਇਸ ਦੇ ਵਿਰੋਧ ਵਿਚ ਇੰਗਲੈਂਡ ਵਿਚ ਸੰਸਦ ਭਵਨ ਦੇ ਬਾਹਰ ਅਨੇਕਾਂ ਕਿਸਾਨ ਟਰੈਕਟਰ ਲੈ ਕੇ ਮੁਜ਼ਾਹਰਾ ਕਰਨ ਪਹੁੰਚੇ। ਯੂਕਰੇਨ ਦੀ ਸੀਮਾ ਨਾਲ ਲੱਗਦੇ ਦੇਸ਼ ਪੋਲੈਂਡ ਵਿਚ ਕਿਸਾਨਾਂ ਨੇ ਇਸ ਆਯਾਤ ਦੇ ਵਿਰੋਧ ਵਿਚ ਪੋਲੈਂਡ-ਯੂਕਰੇਨ ਦੀ ਹੱਦ ਨੂੰ ਵੀ ਬੰਦ ਕਰ ਦਿੱਤਾ। ਇਸ ਦੇ ਨਾਲ ਹੀ 27 ਦੇਸ਼ਾਂ ਦੇ ਯੂਰਪੀ ਸੰਘ ਦੀਆਂ ਕੁਝ ਸਖਤ ਵਾਤਾਵਰਨ ਨੀਤੀਆਂ ਖਾਸ ਕਰਕੇ 'ਗੀਨ ਡੀਲ' ਜੋ ਕਿ ਰਸਾਇਣਾਂ ਅਰਥਾਤ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਤੇ ਨਿਯੰਤਰਨ ਦੀ ਹਦਾਇਤ ਦਿੰਦੀ ਹੈ, ਦੇ ਵਿਰੋਧ ਵਿਚ ਵੀ ਕਿਸਾਨ ਪ੍ਰਦਰਸ਼ਨ ਕਰ ਰਹੇ ਹਨ। ਕਿਸਾਨਾਂ ਦੇ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੇ ਉਤਪਾਦਨ ਅਤੇ ਆਮਦਨ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਹ ਡੀਲ ਦੇਸ਼ ਦੇ ਘਰੇਲੂ ਖੇਤੀ ਉਤਪਾਦਾਂ ਨੂੰ ਗੈਰ ਯੂਰਪੀਅਨ ਅਯਾਤਾਂ ਤੋਂ ਮਹਿੰਗਾ ਬਣਾਉਂਦੀ ਹੈ। ਜਰਮਨੀ, ਬੈਲਜੀਅਮ ਅਤੇ ਫਰਾਂਸ ਵਰਗੇ ਉੱਘੇ ਖੇਤੀ ਉਤਪਾਦਕ ਦੇਸ਼ਾਂ ਵਿਚ ਖੇਤੀ ਉਤਪਾਦਨ ਤੇ ਵਧਦੀਆਂ ਲਾਗਤਾਂ, ਡੀਜ਼ਲ ਉੱਪਰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਤੇ ਕਟੌਤੀ ਅਤੇ ਕਰ ਛੋਟਾਂ ਨੂੰ ਖਤਮ ਕਰਨ ਦੇ ਫੈਸਲੇ ਦੇ ਵਿਰੋਧ ਵਿਚ ਕਿਸਾਨ ਰੋਸ ਜਾਹਿਰ ਕਰ ਰਹੇ ਹਨ। ਰੋਮਾਨੀਆਂ ਅਤੇ ਇਟਲੀ ਵਿਚ ਵੀ ਕਿਸਾਨ ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ ਦੇ ਵਿਰੋਧ ਵਿਚ ਪ੍ਰਦਰਸ਼ਨ ਕਰ ਰਹੇ ਹਨ। ਯੂਨਾਨ ਵਿਚ ਕਿਸਾਨਾਂ ਵੱਲੋਂ ਡੀਜ਼ਲ ਤੇ ਟੈਕਸ ਘਟਾਉਣ ਦੀ ਮੰਗ ਤੇ ਲਗਾਤਾਰ ਜ਼ੋਰ ਪਾਇਆ ਜਾ ਰਿਹਾ ਹੈ। ਦੂਸਰੇ ਪਾਸੇ ਫਰਾਂਸ ਵਿਚ ਸਰਕਾਰ ਵੱਲੋਂ ਵੱਧ ਰਹੀ ਮਹਿੰਗਾਈ ਤੇ ਕਾਬੂ ਪਾਉਣ ਲਈ ਘਰੇਲੂ ਖੇਤੀ ਉਤਪਾਦਾਂ ਦੀਆਂ ਕੀਮਤਾਂ ਨੂੰ ਘੱਟ ਕਰਨ ਦੀਆਂ ਕੋਸ਼ਿਸ਼ਾਂ ਦਾ ਕਿਸਾਨਾਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ। ਫਿਨਲੈਂਡ ਦੇ ਕਿਸਾਨਾਂ ਵੱਲੋਂ ਖੇਤੀ ਉਤਪਾਦਾਂ ਵਿਚ ਕਿਸਾਨਾਂ ਦੇ ਵੇਚ ਮੁੱਲ ਅਤੇ ਖਪਤਕਾਰਾਂ ਦੇ ਖਰੀਦ ਮੁੱਲ ਦਰਮਿਆਨ ਵੱਡੇ ਅੰਤਰ ਨੂੰ ਲੈ ਕੇ ਰੋਸ ਜ਼ਾਹਿਰ ਕੀਤਾ ਗਿਆ ਹੈ। ਕਿਸਾਨਾਂ ਦੇ ਅਨੁਸਾਰ ਉਹਨ. ਤੋਂ ਸਸਤੇ ਭਾਅ ਤੇ ਖੇਤੀ ਉਤਪਾਦਾਂ ਦੀ ਖਰੀਦ ਕਰਕੇ ਅਤੇ ਉਪਭੋਗਾਵਾਂ ਨੂੰ ਮਹਿੰਗੇ ਰੇਟਾਂ ਤੇ ਵੇਚਣ ਨਾਲ ਸਾਰਾ ਮੁਨਾਫਾ ਥੋਕ ਤੇ ਪਰਚੂਨ ਵਿਕਰੇਤਾ ਕਮਾ ਰਹੇ ਹਨ। ਜਿਸ ਨਾਲ ਕਿਸਾਨਾਂ ਦੀ ਆਮਦਨ ਘਰ ਰਹੀ ਹੈ ਅਤੇ ਗਾਹਕਾਂ ਉੱਪਰ ਮਹਿੰਗਾਈ ਦਾ ਬੋਝ ਵਧ ਰਿਹਾ ਹੈ।

**ਅਫਰੀਕਾ**

ਉਧਰ ਅਫਰੀਕਾ ਮਹਾਂਦੀਪ ਦੇ ਕਈ ਦੇਸ਼ਾਂ ਦੇ ਕਿਸਾਨ ਵੀ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਅੰਦੋਲਨ ਕਰ ਰਹੇ ਹਨ। ਕੈਮਰੂਨ ਵਿਚ ਸਰਕਾਰ ਦੁਆਰਾ ਕੋਕੋ ਅਤੇ ਹੋਰ ਨਕਦੀ ਫਸਲਾਂ ਦੀ ਤਸਕਰੀ ਨੂੰ ਰੋਕਣ ਲਈ ਕੁਝ ਫਸਲਾਂ ਖਾਸ ਕਰਕੇ ਕੋਕੋ ਦੇ ਨਾਈਜੀਰੀਆ ਨੂੰ ਨਿਰਯਾਤ ਕਰਨ ਤੇ ਪਾਬੰਦੀ ਲਗਾਉਣ ਅਤੇ ਕੈਮਰੂਨ ਨਾਈਜੀਰੀਆ ਹੱਦ ਸੀਲ ਕਰਨ ਤੇ ਕੈਮਰੂਨ ਦੇ ਕਿਸਾਨਾਂ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਫਸਲ ਘਰੇਲੂ ਮੰਡੀ ਵਿਚ ਵੇਚਣ ਲਈ ਸਬਸਿਡੀ ਦਿੱਤੀ ਜਾਂਦੀ ਹੈ ਪਰ ਦੂਸਰੇ ਪਾਸੇ ਕਿਸਾਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਸਰਹੱਦੋਂ ਪਾਰ ਨਾਈਜੀਰੀਆ ਵਰਗੇ ਗੁਆਂਢੀ ਮੁਲਕ ਨੂੰ ਕੋਕੋ ਦੀ ਫਸਲ ਵੇਚਣ ਤੇ ਜ਼ਿਆਦਾ ਮੁਨਾਫਾ ਹੁੰਦਾ ਹੈ। ਦੂਜੇ ਪਾਸੇ ਨਾਈਜੀਰੀਆ ਵਿਚ ਮਿਲਟਰੀ ਵੱਲੋਂ ਸਥਾਨਕ ਨਾਈਜੀਰੀਅਨ ਅਤੇ ਡਾਇਸਪੋਰਾ ਕਾਰਪੋਰਟ ਕਿਸਾਨਾਂ ਨੂੰ ਉਹਨਾਂ ਦੇ ਖੇਤਾਂ ਤੋਂ ਉਠਾਉਣ

ਬਾਕੀ ਸਫਾ 6 'ਤੇ



ਬਾਕੀ ਸਫਾ 5 ਦੀ

# ਖੇਤੀ ਸੰਕਟ ਅਤੇ ਕਿਸਾਨ ਅੰਦੋਲਨਾਂ ਦੇ ਹੱਲ ਲਈ...

> **ਭਾਰਤ ਸਮੇਤ ਖੇਤੀ ਉਤਪਾਦਾਂ ਦੀਆਂ ਘੱਟ ਕੀਮਤਾਂ ਦਾ ਸਾਹਮਣਾ ਕਰ ਰਹੇ ਹੋਰ ਦੇਸ਼ਾਂ ਨੂੰ ਇਸ ਖੇਤੀ ਸੰਕਟ ਤੋਂ ਬਚਾਉਣ ਲਈ ਸਮਰਥਨ ਮੁੱਲ ਤੇ ਕਾਨੂੰਨੀ ਗਾਰੰਟੀ ਅਤੇ ਉਚਿੱਤ ਖਰੀਦ ਪ੍ਰਬੰਧਾਂ ਵਾਲੀ ਮੰਡੀ ਪ੍ਰਣਾਲੀ ਲਾਗੂ ਕਰਨ ਦੀ ਲੋੜ ਹੈ ਜਿਸ ਵਿਚ ਇਹ ਮੁੱਲ ਇਸ ਤਰ੍ਹਾਂ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਖੇਤੀ ਲਾਗਤਾਂ ਨੂੰ ਕੱਢਣ ਤੋਂ ਬਾਅਦ ਕਿਸਾਨਾਂ ਨੂੰ ਇਕ ਨਿਸ਼ਚਿਤ ਦਰ ਉੱਪਰ ਮੁਨਾਫਾ ਵੀ ਲੈ ਸਕਣ। ਹਰੇਕ ਦੇਸ਼ ਵਿਚ ਜਿਣਸ ਦੀ ਸਮੇਂ ਸਿਰ ਖਰੀਦ ਲਈ ਉਚਿੱਤ ਪ੍ਰਬੰਧ ਹੋਣੇ ਚਾਹੀਦੇ ਹਨ ਅਤੇ ਕਿਸਾਨ ਨੂੰ ਜਿਣਸ ਵੇਚਣ ਤੋਂ ਬਾਅਦ ਸਮੇਂ ਸਿਰ ਅਦਾਇਗੀ ਕਰਨਾ ਜ਼ਰੂਰੀ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵਿਚ ਵੀ ਸਥਿਰਤਾ ਆਵੇਗੀ ਅਤੇ ਵਿਦੇਸ਼ਾਂ ਤੋਂ ਆਉਣ ਵਾਲੇ ਸਸਤੇ ਖੇਤੀ ਅਯਾਤਾਂ ਦੇ ਘਰੇਲੂ ਖੇਤੀ ਖੇਤਰ ਉੱਪਰ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਵੀ ਬਚਾਇਆ ਜਾ ਸਕਦਾ ਹੈ।**



ਕਰਕੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਜੇਕਰ ਕੀਨੀਆ ਦੀ ਗੱਲ ਕਰੀਏ ਤਾਂ ਇਹ ਸੰਸਾਰ ਭਰ ਵਿਚ ਚਾਹ ਦਾ ਇਕ ਬਹੁਤ ਵੱਡਾ ਉਤਪਾਦਕ ਅਤੇ ਨਿਰਯਾਤ ਕਰਨ ਵਿਚ ਮੋਹਰੀ ਦੇਸ਼ ਹੈ। ਪਰੰਤੂ ਕੁਝ ਸਮੇਂ ਤੋਂ ਚਾਹ ਉਤਪਾਦਕਾਂ ਨੇ ਉੱਥੋਂ ਦੀ ਅੰਤਰਰਾਸ਼ਟਰੀ ਕੰਪਨੀ ਕੇਰਾਰਾ ਚਾਹ ਕੰਪਨੀ ਦੇ ਵਿਰੁੱਧ ਅਤੇ ਡੇਅਰੀ ਉਤਪਾਦਕਾਂ ਨੇ ਨਿਊ ਕੀਨੀਆਂ ਕੋਆਪ੍ਰੇਟਿਵ ਕ੍ਰੀਮਰੀਜ਼ ਦੇ ਵਿਰੁੱਧ ਕ੍ਰਮਵਾਰ ਚਾਹ ਅਤੇ ਦੁੱਧ ਦੀ ਰਕਮ ਦੀ ਸਮੇਂ ਸਿਰ ਰਕਮ ਦੀ ਅਦਾਇਗੀ ਨਾ ਕਰਨ ਤੇ ਅੰਦੋਲਨ ਕਰ ਦਿੱਤਾ। ਇਸੇ ਤਰ੍ਹਾਂ ਹੀ ਕੀਨੀਆ ਦੇ ਸਭ ਤੋਂ ਵੱਡੇ ਚਾਹ ਉਤਪਾਦਕ ਖੇਤਰ ਕੇਰੀਚੋ ਵਿਚ ਚਾਹ ਕੰਪਨੀਆਂ ਦੁਆਰਾ ਚਾਹ ਦੇ ਬਾਗਾਂ ਵਿਚ ਵਾਢੀ ਲਈ ਮਸ਼ੀਨਰੀ ਦੀ ਸ਼ੁਰੂਆਤ ਨੂੰ ਲੈ ਕੇ ਕੇਰੀਚੋ ਦੇ ਚਾਹ ਉਤਪਾਦਕਾਂ ਅਤੇ ਮਜ਼ਦੂਰਾਂ ਦੁਆਰਾ ਭਾਰੀ ਵਿਰੋਧ ਕੀਤਾ ਗਿਆ ਅਤੇ ਰੋਹ ਵਿਚ ਆਏ ਕਿਸਾਨਾਂ ਨੇ ਮਸ਼ੀਨਾਂ ਨੂੰ ਵੀ ਸਾੜਿਆ। ਕਿਸਾਨਾਂ ਅਤੇ ਮਜ਼ਦੂਰਾਂ ਦੇ ਅਨੁਸਾਰ ਮਸ਼ੀਨਰੀ ਦੀ ਵਰਤੋਂ ਵਧਾਉਣ ਲਈ ਹਜ਼ਾਰਾਂ ਮਜ਼ਦੂਰਾਂ ਦਾ ਰੁਜ਼ਗਾਰ ਖੁੱਸਿਆ ਹੈ ਜਿਸ ਵਿਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਜ਼ਿਆਦਾ ਹੈ। ਅੰਤ ਵਿਚ ਯੂਨੀਅਨਾਂ ਦੇ ਯਤਨਾਂ ਸਦਕਾ ਇਹ ਫੈਸਲਾ ਹੋਇਆ ਕਿ 65 ਫੀਸਦੀ ਵਾਢੀ ਮਸ਼ੀਨਾਂ ਨਾਲ ਅਤੇ ਬਾਕੀ 35 ਫੀਸਦੀ ਹੱਥਾਂ ਨਾਲ ਮਜ਼ਦੂਰਾਂ ਦੁਆਰਾ ਹੋਵੇਗੀ। ਇਹ ਫੈਸਲਾ ਲਿਪਟਨ ਅਤੇ ਬ੍ਰਾਊਨਜ਼ ਵਰਗੀਆਂ ਮਸ਼ਹੂਰ ਚਾਹ ਕੰਪਨੀਆਂ ਦੁਆਰਾ ਵੀ ਮੰਨਿਆ ਗਿਆ। ਇਸੇ ਤਰ੍ਹਾਂ ਹੀ ਸਰਕਾਰ ਦੁਆਰਾ ਕਈ ਪ੍ਰਾਈਵੇਟ ਕਾਫੀ ਮਿੱਲਾਂ ਦਾ ਲਾਇਸੈਂਸ ਰੱਦ ਕਰਨ ਅਤੇ ਮਿੱਲਾਂ ਦੇ ਬੰਦ ਹੋਣ ਕਾਰਨ ਕਾਫੀ ਉਤਪਾਦਕਾਂ ਦੁਆਰਾ ਵਿਰੋਧ ਕੀਤਾ ਗਿਆ। ਸੰਨ 2023 ਵਿਚ ਆਲੂ ਦੀ ਕੀਮਤ ਦੇ ਉੱਚਿਤ ਮੁੱਲ ਪਾਉਣ ਲਈ ਵੀ ਕੀਨੀਆਂ ਦੇ ਕਿਸਾਨਾਂ ਵੱਲੋਂ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ



ਗੰਨਾ ਉਤਪਾਦਕਾਂ ਵੱਲੋਂ ਗੰਨੇ ਦੀ ਕੀਮਤ ਵਿਚ 13 ਫੀਸਦੀ ਕਟੌਤੀ ਕਰਨ ਦਾ ਵਿਰੋਧ ਕੀਤਾ ਗਿਆ ਹੈ। ਦੂਸਰੇ ਪਾਸੇ ਬੇਨਿਨ ਦੇ ਕਿਸਾਨਾਂ ਵੱਲੋਂ ਉਹਨਾਂ ਦੇ ਖੇਤਾਂ ਨੂੰ ਸਰਕਾਰ ਦੁਆਰਾ ਹੜੱਪੇ ਜਾਣ ਅਤੇ ਤਬਾਹ ਕਰਨ ਤੇ ਵਿਰੋਧ ਕੀਤਾ ਗਿਆ ਹੈ।

## ਉੱਤਰੀ ਅਮਰੀਕਾ

ਉੱਤਰੀ ਅਮਰੀਕਾ ਦੇ ਦੇਸ਼ ਮੈਕਸੀਕੋ ਵਿਚ ਕਿਸਾਨਾਂ ਦੁਆਰਾ ਜੂਨ 2023 ਵਿਚ ਕਣਕ, ਮੱਕੀ ਅਤੇ ਜਵਾਰ ਦੀ ਫਸਲ ਦੀ ਉੱਚਿਤ ਕੀਮਤ ਨਿਰਧਾਰਿਤ ਕਰਨ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ। ਉਸ ਤੋਂ ਬਾਅਦ ਨਵੰਬਰ 2023 ਵਿਚ ਸੰਯੁਕਤ ਰਾਜ ਅਮਰੀਕਾ ਅਤੇ ਮੈਕਸੀਕੋ ਦਰਮਿਆਨ ਹੋਈ ਸੰਧੀ ਅਨੁਸਾਰ ਮੈਕਸੀਕੋ ਦਾ ਕੁਝ ਪਾਣੀ ਸੰਯੁਕਤ ਰਾਜ ਅਮਰੀਕਾ ਨੂੰ ਦਿੱਤਾ ਗਿਆ। ਕਿਸਾਨਾਂ ਨੇ ਸਰਕਾਰ ਅੱਗੇ ਮੰਗ ਰੱਖੀ ਕਿ ਇਹ ਪਾਣੀ ਅਮਰੀਕਾ ਨੂੰ ਨਿਰਯਾਤ ਕਰਨ ਦੀ ਬਜਾਏ ਮੈਕਸੀਕੋ ਦੀ ਸਿੰਚਾਈ ਵਾਸਤੇ ਰਾਖਵਾਂ ਰੱਖਿਆ ਜਾਵੇ। ਕੋਸਟਾਰਿਕਾ ਵਿਚ ਵੀ ਕਿਸਾਨ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਸਰਕਾਰ ਤੋਂ ਮੱਦਦ ਦੀ ਮੰਗ ਕਰ ਰਹੇ ਹਨ।

## ਦੱਖਣੀ ਅਮਰੀਕਾ

ਦੱਖਣੀ ਅਮਰੀਕਾ ਦੇ ਦੇਸ਼ ਕੋਲੰਬੀਆ ਵਿਚ ਕਿਸਾਨਾਂ ਦੁਆਰਾ ਚੌਲਾਂ ਦੀ ਉੱਚਿਤ ਕੀਮਤ ਨਿਰਧਾਰਿਤ ਕਰਨ ਲਈ ਅੰਦੋਲਨ ਕੀਤੇ ਜਾ ਰਹੇ ਹਨ। ਦੂਸਰੇ ਪਾਸੇ ਅਰਜਨਟੀਨਾ ਵਿਚ ਕਿਸਾਨਾਂ ਵੱਲੋਂ ਸੋਕੇ ਕਾਰਨ ਹੋਏ ਫਸਲਾਂ ਦੇ ਨੁਕਸਾਨ ਦੇ ਮੁਆਵਜੇ, ਟਿਕਾਊ ਖੇਤੀ ਤੇ ਪ੍ਰੋਤਸਾਹਨ ਲਈ ਸਰਕਾਰ ਵੱਲੋਂ ਵਿੱਤੀ ਸਹਾਇਤਾ ਦੀ ਘਾਟ, ਸਸਤੇ ਖਾਧ ਉਤਪਾਦਾਂ ਦੇ ਅਯਾਤ ਦੇ ਵਿਰੋਧ ਵਿਚ ਨਿਰੰਤਰ ਸੰਘਰਸ਼ ਜਾਰੀ ਹੈ।

## ਓਸ਼ਨੀਆਂ

ਓਸ਼ਨੀਆਂ ਦੇ ਦੇਸ਼ ਆਸਟਰੇਲੀਆ ਵਿਚ ਕਿਸਾਨਾਂ ਵੱਲੋਂ ਉੱਚ ਵੋਲਟੇਜ਼ ਓਵਰਹੈੱਡ ਪਾਵਰ ਲਾਇਨਾਂ ਨੂੰ ਆਪਣੀਆਂ ਜ਼ਮੀਨਾਂ ਵਿਚੋਂ ਲੰਘਾਉਣ ਦੇ ਵਿਰੋਧ ਵਿਚ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਿਊਜ਼ੀਲੈਂਡ ਦੀ ਸਰਕਾਰ ਦੁਆਰਾ ਵਾਤਾਵਰਨ ਦੀ ਸਾਂਭ ਸੰਭਾਲ ਅਤੇ ਕਾਰਬਨ ਦੀ ਨਿਕਾਸੀ ਨੂੰ ਘਟਾਉਣ ਸਬੰਧੀ ਕੁਝ ਵਾਤਾਵਰਨ ਨੀਤੀਆਂ ਬਣਾਏ ਜਾਣ ਸਬੰਧੀ ਕਿਸਾਨਾਂ ਵੱਲੋਂ ਰੋਸ ਜ਼ਾਹਿਰ ਕੀਤਾ ਗਿਆ। ਇਸ ਤੋਂ ਪਹਿਲਾਂ 2022 ਵਿਚ ਵੀ ਨਿਊਜ਼ੀਲੈਂਡ ਦੇ ਕਿਸਾਨ ਦੇਸ਼ ਭਰ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਇਕੱਠੇ ਹੋਏ ਅਤੇ ਸਰਕਾਰ ਦੁਆਰਾ ਖੇਤੀ ਖੇਤੀ ਨਾਲ ਸਬੰਧਿਤ ਜਾਨਵਰਾਂ ਦੇ ਉਤਸਰਜਨ ਤੇ ਟੈਕਸ ਲਗਾਉਣ ਵਾਲਾ ਵਿਸ਼ਵ ਦਾ ਪਹਿਲਾ ਦੇਸ਼ ਬਣਨ ਦੀ ਯੋਜਨਾ ਦਾ ਵਿਰੋਧ ਕੀਤਾ।

## ਏਸ਼ੀਆ

ਭਾਰਤ ਵਿਚ ਘੱਟੋ ਘੱਟ ਸਮਰਥਨ ਮੁੱਲ ਤੇ ਕਾਨੂੰਨੀ ਨੂੰ ਲੈ ਕੇ ਸ਼ੁਰੂ ਹੋਏ ਅੰਦੋਲਨ ਤੋਂ ਇਲਾਵਾ ਨੇਪਾਲ ਵਿਚ ਇਸ ਸਮੇਂ ਡੇਅਰੀ ਕ੍ਰੋਆਪ੍ਰੇਟਿਵ ਸੁਸਾਇਟੀ ਵੱਲੋਂ ਦੁੱਧ ਉਤਪਾਦਕਾਂ ਦੀ ਬਕਾਇਆ ਰਾਸ਼ੀ ਜਾਰੀ ਨਾ ਕਰਨ ਕਰਕੇ ਦੋਹਾਂ ਧਿਰਾਂ ਵਿਚਕਾਰ ਤਣਾਅਪੂਰਵਕ ਮਾਹੌਲ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਨੇਪਾਲ ਦੇ ਕਿਸਾਨਾਂ ਵੱਲੋਂ ਸਬਜ਼ੀਆਂ ਦੇ ਸਸਤੇ ਰੇਟਾਂ ਨੂੰ ਲੈ ਕੇ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ। ਕਿਸਾਨਾਂ ਨੇ ਸਰਕਾਰ ਦੁਆਰਾ ਸਬਜ਼ੀਆਂ ਦਾ ਭਾਰਤ ਤੋਂ ਅਯਾਤ ਕਰਨ ਤੇ ਵੀ ਨਰਾਜਗੀ ਜਤਾਈ। ਦਸੰਬਰ 2023 ਵਿਚ ਨੇਪਾਲ ਦੇ ਗੰਨਾ ਉਤਪਾਦਕਾ ਵੱਲੋਂ ਗੰਨੇ ਦੇ ਘੱਟੋ ਘੱਟ ਸਮਰਥਨ ਮੁੱਲ ਅਤੇ ਸਬਸਿਡੀ ਦੀ ਮੰਗ ਨੂੰ ਲੈ ਕੇ ਵੀ ਅੰਦੋਲਨ ਦੀ ਸ਼ੁਰੂਆਤ ਕੀਤੀ। ਪਾਕਿਸਤਾਨ ਵਿਚ ਇਸ ਸਮੇਂ ਕਿਸਾਨਾਂ ਦੁਆਰਾ ਕਣਕ ਦੇ ਅਣਉੱਚਿਤ ਖਰੀਦ ਪ੍ਰਬੰਧਾਂ ਨੂੰ ਲੈ ਕੇ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ ਹੈ। ਇਸੇ ਤਰ੍ਹਾਂ ਇੰਡੋਨੇਸ਼ੀਆ ਅਤੇ ਮਲੇਸ਼ੀਆ ਜੋ ਕਿ ਸੰਸਾਰ ਦੇ ਸਭ ਤੋਂ ਵੱਡੇ ਪਾਲਮ ਤੇਲ ਦਾ ਉਤਪਾਦਕ ਅਤੇ ਨਿਰਯਾਤਕ ਦੇਸ਼ ਹਨ, ਦੇ ਕਿਸਾਨਾਂ ਵੱਲੋਂ ਯੂਰਪੀ ਸੰਘ ਦੇ ਪਾਲਮ ਤੇਲ ਦੇ ਬਲਾਕ ਵਿਚ ਅਯਾਤ ਉੱਪਰ ਪਾਬੰਦੀ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਅਤੇ ਪ੍ਰਦਰਸ਼ਨ ਵੀ ਕੀਤੇ।

ਅੰਤ ਵਿਚ ਜੇਕਰ ਦੇਖਿਆ ਜਾਵੇ ਤਾਂ ਹਰੇਕ ਦੇਸ਼ ਦੇ ਕਿਸਾਨ ਖੇਤੀ ਖੇਤਰ ਨਾਲ ਸਬੰਧਿਤ ਕਈ ਸਮੱਸਿਆਵਾਂ ਜਿਵੇਂ ਖੇਤੀ ਉਤਪਾਦਾਂ ਦੀਆਂ ਘੱਟ ਕੀਮਤਾਂ, ਸਸਤੇ ਖੇਤੀ ਅਯਾਤ, ਖੇਤੀ ਨਿਰਯਾਤਾਂ ਤੇ ਪਾਬੰਦੀ, ਵਧ ਰਹੀਆਂ ਖੇਤੀ ਲਾਗਤਾਂ, ਖੇਤੀ ਉਤਪਾਦਾਂ ਦੇ ਭੁਗਤਾਨ ਵਿਚ ਦੇਰੀ ਉਤਪਾਦਾਂ ਦੀ



ਕੀਮਤ ਤੇ ਕਾਨੂੰਨੀ ਗਰੰਟੀ, ਗਲਤ ਖਰੀਦ ਪ੍ਰਬੰਧ, ਟੈਕਸਾਂ ਵਿਚ ਵਾਧਾ, ਸਬਸਿਡੀਆਂ ਵਿਚ ਕਟੌਤੀ, ਸਖਤ ਵਾਤਾਵਰਨ ਨੀਤੀਆਂ ਆਦਿ ਨਾਲ ਜੂਝ ਰਹੇ ਹਨ। ਜਿਸ ਤੋਂ ਸਪੱਸ਼ਟ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਿਸ਼ਵ ਪੱਧਰ ਤੇ ਖੇਤੀ ਖੇਤਰ ਇਕ ਮੁਨਾਫੇ ਦਾ ਧੰਦਾ ਨਾ ਰਹਿ ਕੇ ਇਕ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਜਿਸ ਦਾ ਸਮੁੱਚੇ ਕਿਸਾਨੀ ਵਰਗ ਉੱਪਰ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਅਸਲ ਵਿਚ ਖੇਤੀ ਇਕ ਬਹੁਤ ਹੀ ਸੰਵੇਦਨਸ਼ੀਲ ਖੇਤਰ ਹੈ, ਜਿਸ ਵਿਚ ਕਿਸਾਨਾਂ ਦੇ ਹਿੱਤਾਂ ਨੂੰ ਬਚਾਉਣ ਲਈ ਅਤੇ ਉਹਨਾਂ ਦੀ ਹੋਣ ਵਾਲੀ ਲੁੱਟ-ਖਸੁੱਟ ਤੋਂ ਰਾਖੀ ਲਈ ਸਰਕਾਰ ਦੀ ਸਾਰਥਕ ਦਖਲ ਅੰਦਾਜ਼ੀ ਲਾਜ਼ਮੀ ਬਣਦੀ ਹੈ। ਖੇਤੀ ਖੇਤਰ ਨੂੰ ਪ੍ਰਾਈਵੇਟ ਜਾਂ ਕਾਰਪੋਰੇਟ ਖੇਤਰ ਦੇ ਹੱਥ ਦੇਣ ਦੀ ਬਜਾਏ ਸਰਕਾਰ ਨੂੰ ਫਸਲਾਂ ਦੇ ਉਤਪਾਦਨ ਅਤੇ ਮੰਡੀਕਰਨ ਲਈ ਯੋਗ ਖੇਤੀ ਨੀਤੀਆਂ ਬਣਾਉਣ ਦੀ ਲੋੜ ਹੈ। ਸਰਕਾਰ ਖੇਤੀ ਲਈ ਉੱਚਿਤ ਬਜਟ ਦਾ ਪ੍ਰਬੰਧ ਕਰੇ ਤਾਂ ਜੋ ਖੇਤੀ ਖੇਤਰ ਲਈ ਸਬਸਿਡੀਆਂ ਅਤੇ ਟੈਕਸਾਂ ਵਿਚ ਛੋਟ ਯਕੀਨੀ ਕੀਤੀ ਜਾ ਸਕੇ। ਭਾਰਤ ਵਰਗੇ ਦੇਸ਼ ਵਿਚ 50 ਫੀਸਦੀ ਤੋਂ ਉੱਪਰ ਦੀ ਆਬਾਦੀ ਸਿੱਧੇ ਅਤੇ ਅਸਿੱਧੇ ਤੌਰ ਤੇ ਖੇਤੀ ਅਤੇ ਸਹਾਇਕ ਧੰਦਿਆਂ ਤੇ ਨਿਰਭਰ ਕਰਦੀ ਹੈ ਪਰ ਸਰਕਾਰ ਦੁਆਰਾ ਖੇਤੀ ਖੇਤਰ ਲਈ 3-4 ਫੀਸਦੀ ਬਜਟ ਰਾਖਵਾਂ ਰੱਖਣਾ ਹੀ ਖੇਤੀ ਸੰਕਟ ਦਾ ਮੁੱਖ ਕਾਰਨ ਹੈ।

ਭਾਰਤ ਸਮੇਤ ਖੇਤੀ ਉਤਪਾਦਾਂ ਦੀਆਂ ਘੱਟ ਕੀਮਤਾਂ ਦਾ ਸਾਹਮਣਾ ਕਰ ਰਹੇ ਹੋਰ ਦੇਸ਼ਾਂ ਨੂੰ ਇਸ ਖੇਤੀ ਸੰਕਟ ਤੋਂ ਬਚਾਉਣ ਲਈ ਸਮਰਥਨ ਮੁੱਲ ਤੇ ਕਾਨੂੰਨੀ ਗਾਰੰਟੀ ਅਤੇ ਉਚਿੱਤ ਖਰੀਦ ਪ੍ਰਬੰਧਾਂ ਵਾਲੀ ਮੰਡੀ ਪ੍ਰਣਾਲੀ ਲਾਗੂ ਕਰਨ ਦੀ ਲੋੜ ਹੈ ਜਿਸ ਵਿਚ ਇਹ ਮੁੱਲ ਇਸ ਤਰ੍ਹਾਂ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਖੇਤੀ ਲਾਗਤਾਂ ਨੂੰ ਕੱਢਣ ਤੋਂ ਬਾਅਦ ਕਿਸਾਨਾਂ ਨੂੰ ਇਕ ਨਿਸ਼ਚਿਤ ਦਰ ਉੱਪਰ ਮੁਨਾਫਾ ਵੀ ਲੈ ਸਕਣ। ਹਰੇਕ ਦੇਸ਼ ਵਿਚ ਜਿਣਸ ਦੀ ਸਮੇਂ ਸਿਰ ਖਰੀਦ ਲਈ ਉਚਿੱਤ ਪ੍ਰਬੰਧ ਹੋਣੇ ਚਾਹੀਦੇ ਹਨ ਅਤੇ ਕਿਸਾਨ ਨੂੰ ਜਿਣਸ ਵੇਚਣ ਤੋਂ ਬਾਅਦ ਸਮੇਂ ਸਿਰ ਅਦਾਇਗੀ ਕਰਨਾ ਜ਼ਰੂਰੀ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵਿਚ ਵੀ ਸਥਿਰਤਾ ਆਵੇਗੀ ਅਤੇ ਵਿਦੇਸ਼ਾਂ ਤੋਂ ਆਉਣ ਵਾਲੇ ਸਸਤੇ ਖੇਤੀ ਅਯਾਤਾਂ ਦੇ ਘਰੇਲੂ ਖੇਤੀ ਖੇਤਰ ਉੱਪਰ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਵੀ ਬਚਾਇਆ ਜਾ ਸਕਦਾ ਹੈ।

ਚਾਹੇ ਅਜੋਕੇ ਯੁੱਗ ਵਿਚ ਅੰਤਰਰਾਸ਼ਟਰੀ ਤਾਲਮੇਲ ਨੂੰ ਪ੍ਰੋਤਸਾਹਿਤ ਕਰਨ ਲਈ ਅੰਤਰਰਾਸ਼ਟਰੀ ਵਪਾਰ ਨੂੰ ਵਧਾਉਣ ਦੀ ਲੋੜ ਤੇ ਜੋਰ ਦਿੱਤਾ ਜਾਂਦਾ ਹੈ, ਪਰ ਇਸ ਵਿਚ ਸਰਕਾਰ ਨੂੰ ਘੱਟੋ ਘੱਟ ਘਰੇਲੂ ਖੇਤੀ ਖੇਤਰ ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ। ਅਜੋਕੇ ਯੁੱਗ ਵਿਚ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਇਸ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਵਾਤਾਵਰਨ ਨੀਤੀਆਂ ਬਹੁਤ ਜ਼ਰੂਰੀ ਹੈ ਪਰ ਯੂਰਪੀ ਸੰਘ ਦੁਆਰਾ ਅਪਣਾਈਆਂ ਸਖਤ ਵਾਤਾਵਰਣ ਨੀਤੀਆਂ ਦਾ ਇਕੱਲਾ ਖੇਤੀ ਖੇਤਰ ਉੱਪਰ ਬੋਝ ਪਾਉਣ ਦੀ ਥਾਂ ਤੇ ਉਦਯੋਗਿਕ ਖੇਤਰ ਦੁਆਰਾ ਪੈਦਾ ਹੋਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਅਤੇ ਪ੍ਰਦੂਸ਼ਣ ਉੱਪਰ ਕੰਟਰੋਲ ਕਰਨ ਦੀ ਵੀ ਜ਼ਰੂਰਤ ਹੈ। ਵਾਤਾਵਰਨ ਦੀ ਸਾਂਭ ਸੰਭਾਲ ਲਈ ਕੁਦਰਤੀ ਖੇਤੀ ਲਾਹੇਵੰਦ ਸਿੱਧ ਹੋ ਸਕਦੀ ਹੈ। ਕੁਦਰਤੀ ਖੇਤੀ ਦੀ ਪੈਦਾਵਾਰ ਨੂੰ ਪ੍ਰਫੁਲਿਤ ਕਰਨ ਲਈ ਸਰਕਾਰ ਨੂੰ ਕੁਦਰਤੀ ਖੇਤੀ ਲਈ ਉੱਚਿਤ ਸਬਸਿਡੀਆਂ ਸੁਚੱਜੀ ਮੰਡੀਕਰਨ ਪ੍ਰਣਾਲੀ ਜਿਸ ਵਿਚ ਕੁਦਰਤੀ ਖੇਤੀ ਦੀ ਪੈਦਾਵਾਰ ਦਾ ਆਮ ਪੈਦਾਵਾਰ ਨਾਲੋਂ ਵੱਧ ਕੀਮਤ ਪ੍ਰਬੰਧਨ ਨਿਰਧਾਰਿਤ ਕਰਨ ਦੀ ਜਰੂਰਤ ਹੈ। ਇਸ ਤਰ੍ਹਾਂ ਕਿਸਾਨ ਪੱਖੀ ਅਤੇ ਵਾਤਾਵਰਨ ਉਸਾਰੂ ਨੀਤੀਆਂ ਪੂਰੇ ਵਿਸ਼ਵ ਨੂੰ ਖੇਤੀ ਸੰਕਟ ਵਿਚੋਂ ਬਾਹਰ ਕੱਢ ਸਕਦੀਆਂ ਹਨ ਅਤੇ ਖਾਦਾਂ ਅਤੇ ਕੀਟਨਾਸ਼ਕਾਂ ਰਹਿਤ ਪੈਦਾ ਹੋਣ ਵਾਲੇ ਖਾਧ ਪਦਾਰਥ ਨਾ ਸਿਰਫ ਸਿਹਤਮੰਦ ਸਮਾਜ ਬਲਕਿ ਸਿਹਤਮੰਦ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਨ ਦੀ ਵੀ ਸਿਰਜਨਾ ਕਰ ਸਕਦੇ ਹਨ।



# ਗੰਡੋਆ ਖਾਦ

# ਮਿੱਟੀ ਸੁਧਾਰ ਅਤੇ ਰੁਜ਼ਗਾਰ ਲਈ ਢੁੱਕਵਾਂ ਤਰੀਕਾ

ਕੁਲਦੀਪ ਸਿੰਘ ਭੁੱਲਰ,
ਸਕੂਲ ਆਫ ਆਰਗੈਨਿਕ ਫਾਰਮਿੰਗ,
ਪੀ. ਏ. ਯੂ., ਲੁਧਿਆਣਾ

ਪੰਜਾਬ ਅੰਨ ਉਤਪਾਦਨ ਵਿਚ ਪੂਰੇ ਭਾਰਤ 'ਚ ਮੋਹਰੀ ਰਿਹਾ ਹੈ। ਲੰਮੇ ਸਮੇਂ ਤੋਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਗੈਰ-ਸਿਫਾਰਸ਼ੀ ਤੇ ਬੇਲੋੜੀ ਵਰਤੋਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਤੇ ਅਸਰ ਪਾਇਆ ਹੈ। ਪੇਂਡੂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਪੇਂਡੂ ਆਬਾਦੀ ਸ਼ਹਿਰਾਂ ਵੱਲ ਰੁਖ ਕਰ ਰਹੀ ਹੈ। ਇਸ ਮਸਲੇ ਨਾਲ ਨਜਿੱਠਣ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਵਰਮੀਕੰਪੋਸਟ ਜਾਂ ਗੰਡੋਆ ਖਾਦ ਦੇ ਉਤਪਾਦਨ ਵਰਗੀਆਂ ਟਿਕਾਊ ਕਿਰਿਆਵਾਂ ਨੂੰ ਅਪਣਾਉਣਾ ਇਕ ਬਦਲ ਹੋ ਸਕਦਾ ਹੈ।

**ਗੰਡੋਆ ਖਾਦ/ਵਰਮੀਕੰਪੋਸਟ** : ਵਰਮੀਕੰਪੋਸਟ ਪੌਸ਼ਟਿਕ ਤੱਤਾਂ ਨਾਲ ਭਰਪੂਰ ਜੈਵਿਕ ਖਾਦ ਹੈ ਜੋ ਗੰਡੋਇਆਂ ਵੱਲੋਂ ਜੈਵਿਕ ਰਹਿੰਦ-ਖੂੰਹਦ ਨੂੰ ਵਿਘਟਤ ਕਰ ਕੇ ਤਿਆਰ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਵਿਚ ਜੈਵਿਕ ਪਦਾਰਥਾਂ ਜਿਵੇਂ ਫਸਲਾਂ ਦੀ ਰਹਿੰਦ-ਖੂੰਹਦ, ਜਾਨਵਰਾਂ ਦਾ ਗੋਬਰ ਅਤੇ ਰਸੋਈ ਦੀ ਰਹਿੰਦ-ਖੂੰਹਦ ਆਦਿ ਨੂੰ ਗੰਡੋਏ ਖਾਂਦੇ ਹਨ, ਹਜ਼ਮ ਕਰਦੇ ਹਨ ਅਤੇ ਮਿੱਟੀ ਲਈ ਕੀਮਤੀ ਪਦਾਰਥ ਵਿਚ ਬਦਲ ਦਿੰਦੇ ਹਨ। ਵਰਮੀਕੰਪੋਸਟ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ, ਮਿੱਟੀ ਦੇ ਢਾਂਚੇ ਵਿਚ ਸੁਧਾਰ ਕਰਨ ਅਤੇ ਪੌਦਿਆਂ ਦੇ ਵਾਧੇ ਵਿਚ ਸਹਾਈ ਹੋਣ ਦੀ ਯੋਗਤਾ ਲਈ ਕੀਮਤੀ ਹੈ।

**ਪਰਾਲੀ ਦੇ ਪ੍ਰਬੰਧ ਦੀ ਚੁਣੌਤੀ** : ਪੰਜਾਬ ਵਿਚ ਝੋਨੇ ਦੀ ਵਾਢੀ ਤੋਂ ਬਾਅਦ ਪਰਾਲੀ ਵੱਡੀ ਮਾਤਰਾ ਪੈਦਾ ਹੁੰਦੀ ਹੈ। ਕਿਸਾਨ ਖੇਤਾਂ ਨੂੰ ਜਲਦੀ ਸਾਫ ਕਰਨ ਅਤੇ ਉਨ੍ਹਾਂ ਨੂੰ ਅਗਲੇ ਫਸਲੀ ਚੱਕਰ ਲਈ ਤਿਆਰ ਕਰਨ ਵਾਸਤੇ ਪਰਾਲੀ ਸਾੜਦੇ ਹਨ ਹਾਲਾਂਕਿ, ਇਸ ਅਭਿਆਸ ਦੇ ਨੁਕਸਾਨਦੇਹ ਨਤੀਜੇ ਵਜੋਂ ਹਵਾ ਪ੍ਰਦੂਸ਼ਣ, ਮਿੱਟੀ ਦੇ ਜੈਵਿਕ ਪਦਾਰਥਾਂ ਦਾ ਨੁਕਸਾਨ ਅਤੇ ਮਨੁੱਖੀ ਸਿਹਤ 'ਤੇ ਮਾੜੇ ਪ੍ਰਭਾਵ ਸਾਡੇ ਸਾਹਮਣੇ ਹਨ।

**ਮਿੱਟੀ ਸੁਧਾਰ ਵਿਚ ਗੰਡੋਆ ਖਾਦ ਦੀ ਭੂਮਿਕਾ** :

★ **ਮਿੱਟੀ ਦੀ ਉਪਜਾਊ ਸ਼ਕਤੀ ਵਿਚ ਵਾਧਾ** : ਵਰਮੀਕੰਪੋਸਟ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ ਅਤੇ ਸੂਖਮ ਪੋਸ਼ਕ ਤੱਤਾਂ ਵਰਗੇ ਜ਼ਰੂਰੀ ਪੌਸ਼ਟਿਕ ਤੱਤਾਂ ਦਾ ਇਕ ਸ਼ਕਤੀਸ਼ਾਲੀ ਸਰੋਤ ਹੈ। ਇਸ ਦੀ ਤੱਤਾਂ ਨੂੰ ਹੌਲੀ-ਹੌਲੀ ਮੁਹੱਈਆ ਕਰਵਾਉਣ ਦੀ ਪ੍ਰਕਿਰਤੀ ਪੌਦਿਆਂ ਨੂੰ ਪੌਸ਼ਟਿਕ ਤੱਤਾਂ ਦੀ ਨਿਰੰਤਰ ਪੂਰਤੀ ਨੂੰ ਯਕੀਨੀ ਬਣਾਉਂਦੀ ਹੈ, ਸਿਹਤਮੰਦ ਵਾਧੇ ਅਤੇ ਵਿਕਾਸ ਨੂੰ ਉਤਸ਼ਾਹਤ ਕਰਦੀ ਹੈ।

★ **ਮਿੱਟੀ ਦੀ ਬਣਤਰ ਵਿਚ ਸੁਧਾਰ** : ਵਰਮੀਕੰਪੋਸਟ ਵਿਚ ਮੌਜੂਦ ਹਿਊਮਿਕ ਪਦਾਰਥ ਮਿੱਟੀ ਦੇ ਭੌਤਿਕ ਗੁਣਾਂ ਵਿਚ ਸੁਧਾਰ ਕਰਦੇ ਹਨ। ਇਸ ਨਾਲ ਪਾਣੀ ਜੀਰਨ ਅਤੇ ਮਿੱਟੀ ਵਿਚ ਨਮੀ ਬਰਕਰਾਰ ਰੱਖਣ ਵਿਚ ਸਧਾਰ ਹੁੰਦਾ ਹੈ ਇਹ ਮਿੱਟੀ ਵਿਚ ਹਵਾ ਦਾ ਸੰਚਾਰ ਅਤੇ ਪਾਣੀ ਦੇ ਨਿਕਾਸ ਵਿਚ ਸੁਧਾਰ ਰਾਹੀਂ ਪੌਦਿਆਂ ਦੀਆਂ ਜੜ੍ਹਾਂ ਦੇ ਵਾਧੇ ਲਈ ਅਨੁਕੂਲ ਸਥਿਤੀਆਂ ਪੈਦਾ ਕਰਦੀ ਹੈ।

★ **ਮਿੱਟੀ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਘਟਾਉਣਾ** : ਵਰਮੀਕੰਪੋਸਟ ਵਿਚ ਲਾਭਕਾਰੀ ਸੂਖਮ ਜੀਵ ਅਤੇ ਐਨਜ਼ਾਈਮ ਹੁੰਦੇ ਹਨ ਜੋ ਮਿੱਟੀ ਤੋਂ ਪੈਦਾ ਹੋਣ ਵਾਲੇ ਰੋਗਾਣੂਆਂ ਨੂੰ ਦਬਾਉਣ ਵਿਚ ਮਦਦ ਕਰਦੇ ਹਨ, ਜਿਸ ਨਾਲ ਫਸਲਾਂ ਵਿਚ ਬਿਮਾਰੀਆਂ ਘੱਟ ਹੁੰਦੀਆਂ ਹਨ। ਇਹ ਕੁਦਰਤੀ ਬਿਮਾਰੀ ਦਮਨ ਕਰਨ ਵੀ ਵਿਧੀ ਰਸਾਇਣਕ ਕੀਟਨਾਸ਼ਕਾਂ ਦੀ ਲੋੜ ਨੂੰ ਘੱਟ ਕਰਦੀ ਹੈ।

**ਰੁਜ਼ਗਾਰ ਸਿਰਜਣ ਵਿਚ ਭੂਮਿਕਾ** : ਵਰਮੀਕੰਪੋਸਟ ਉਤਪਾਦਨ ਪੰਜਾਬ ਵਿਚ ਖਾਸਕਰ ਪੇਂਡੂ ਖੇਤਰਾਂ ਵਿਚ ਰੁਜ਼ਗਾਰ ਪੈਦਾ ਕਰਨ ਲਈ ਮੌਕੇ ਪੇਸ਼ ਕਰਦਾ ਹੈ। ਇਸ ਪ੍ਰਕਿਰਿਆ ਵਿਚ ਜੈਵਿਕ ਰਹਿੰਦ-ਖੂੰਹਦ ਨੂੰ ਇਕੱਠਾ ਕਰਨਾ, ਇਹ ਰਹਿੰਦ-ਖੂੰਹਦ ਗੰਡੋਇਆਂ ਨੂੰ ਖੁਆਉਣਾ, ਖਾਦ ਬਣਾਉਣ ਦੀ ਪ੍ਰਕਿਰਿਆ ਦਾ ਪ੍ਰਬੰਧਨ ਕਰਨਾ, ਤਿਆਰ ਉਤਪਾਦ ਨੂੰ ਵੱਖ ਕਰਨਾ ਅਤੇ ਪੈਕਿੰਗ ਕਰਨਾ ਸ਼ਾਮਲ ਹੈ। ਤਿਆਰ ਗੰਡੋਆ ਖਾਦ ਦੀ ਕਿਸਾਨਾਂ, ਨਰਸਰੀ ਚਾਲਕਾਂ, ਫੁੱਲਾਂ ਤੇ ਲੈਂਡਸਕੇਪ ਦੇ ਸ਼ੌਕੀਨ, ਸਬਜ਼ੀਆਂ ਅਤੇ ਫਲ ਉਤਪਾਦਕਾਂ ਨੂੰ ਵਿਕਰੀ ਰਾਹੀਂ ਰੁਜ਼ਗਾਰ ਦਾ ਸੁਖਾਲਾ ਤਰੀਕਾ ਹੈ। ਇਸ ਤੋਂ ਇਲਾਵਾ ਗੰਡੋਆ ਖਾਦ ਦੀ ਪਹਾੜੀ ਇਲਾਕਿਆਂ ਵਿਚ ਵੱਡੇ ਪੱਧਰ 'ਤੇ ਵਿਕਰੀ ਰਾਹੀਂ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਸਕਦਾ ਹੈ। ਥੋੜ੍ਹੇ ਸਮੇਂ ਦੀ ਸਿਖਲਾਈ ਪ੍ਰਾਪਤ ਕਰਨ ਤੋਂ ਬਾਅਦ ਵਰਮੀਕੰਪੋਸਟ ਉਤਪਾਦਨ ਇਕਾਈਆਂ ਸਥਾਪਤ ਕਰ ਕੇ, ਨੌਜਵਾਨ ਅਤੇ ਪੇਂਡੂ ਭਾਈਚਾਰੇ ਦੇ ਲੋੜ ਰੋਜ਼ੀ-ਰੋਟੀ ਪੈਦਾ ਕਰ ਸਕਦੇ ਹਨ ਅਤੇ ਪੇਂਡੂ ਆਬਾਦੀ ਨੂੰ ਆਰਥਿਕ ਤੌਰ 'ਤੇਸ਼ਕਤੀਸ਼ਾਲੀ ਬਣਾ ਸਕਦੇ ਹਨ। ਮਿੱਟੀ ਸੁਧਾਰ ਵਜੋਂ ਗੰਡੋਆ ਖਾਦ ਨੂੰ ਅਪਣਾਉਣ ਨਾਲ ਫਸਲਾਂ ਦੀ ਪੈਦਾਵਾਰ

ਬਾਕੀ ਸਫਾ 11 'ਤੇ





# ਬਲਾਕ ਕਾਹਨੂੰਵਾਨ ਦੇ 8 ਗੰਨਾ ਕਾਸ਼ਤਕਾਰਾਂ ਨੇ ਮਿੱਲ ਤੱਕ ਢੋਆ ਢੁਆਈ, ਆਪਸੀ ਬਣੇ ਵਟਸਐਪ ਗਰੁੱਪ ਰਾਹੀਂ ਕੀਟ ਬਿਮਾਰੀ ਤੇ ਸਪਰੇਅ ਖਾਦ ਪਾਉਣ ਦੇ ਫੈਸਲੇ, ਟੁੱਟੀਆਂ ਸੜਕਾਂ ਤੇ ਲੇਟ ਟੁੱਟਵੀਂ ਪੇਮੈਂਟ ਬਾਰੇ ਦੱਸੇ ਫਸਲੀ ਤਜ਼ਰਬੇ

## ਮਿੱਲ ਲਗਾਵੇ ਫੋਕਲ ਪੁਆਇੰਟਾਂ ਤੇ ਕੰਢੇ ਜਾਂ ਦੇਵੇ ਆਣ-ਜਾਣ ਦੇ ਕਿਰਾਏ ਜਾਂ ਆਪਣੇ ਸਾਧਨ ਤੇ ਖੜ੍ਹੇ

• ਗੰਨਾ ਅਦਾਰੇ ਤੋਂ ਨਹੀਂ ਆਉਂਦੀ ਸੋਸ਼ਲ ਮੀਡੀਏ ਜਾਂ ਕੈਂਪਾਂ ਰਾਹੀਂ ਫਸਲੀ ਸਮੱਸਿਆ ਦੀ ਐਡਵਾਇਜ਼ਰੀ • ਸਰਕਾਰ ਦੇਵੇ ਟੋਕੇ ਵਾਂਗ ਖੇਤ 'ਚ ਰਹਿੰਦ ਖੂੰਹਦ ਕੁੱਤਰਣ ਵਾਲੀ ਮਸ਼ੀਨ

ਦੋਸਤੋ ਅੱਜ ਹੋਰਨਾਂ ਛੋਟੀ ਫਸਲਾਂ ਦੀ ਬਜਾਏ ਲੰਮੇ ਸਮੇਂ ਲੈਣ ਵਾਲੀ, ਵਧੇਰੇ ਲੇਬਰ ਲੈਣ ਵਾਲੀ, ਵਧੇਰੇ ਖਰਚ ਕਰਨ ਵਾਲੀ, ਵੱਡੀ ਢੁਆਈ, ਤੇ ਬੇਹੱਦ ਰਿਸਕ ਤੇ ਜਾਨ ਦੇ ਖੌਹ ਵਾਲੀ, ਵਧੇਰੇ ਰੋਜ਼ਗਾਰ ਦੇਣ ਤੋਂ ਲੈ ਕੇ ਰੋਜ਼ਗਾਰ ਦੇ ਅਵਸਰ ਪੈਦਾ ਕਰਨ ਵਾਲੀ ਪ੍ਰੋਸੈਸਿੰਗ ਤੇ ਕਿਸਾਨੀ ਦੀ ਆਰਥਿਕਤਾ ਸੁਧਾਰਨ ਵਾਲੀ ਗੰਨੇ ਦੀ ਫਸਲ ਦੀ ਕਰਦੇ ਹਾਂ। ਏਨਾਂ ਗੰਨੇ ਦੇ ਕਾਸ਼ਤਕਾਰਾਂ ਦੀ ਕਹਾਣੀ ਸੰਗ੍ਰਹਿ ਵਿਚ ਸਭ ਤੋਂ ਮਜ਼ੇਦਾਰ ਗੱਲ ਇਹ ਰਹੀ ਕਿ ਏਨਾਂ ਵਿਚੋਂ ਕੋਈ ਵੀ ਕਿਸਾਨ ਇਕ ਦੂਜੇ ਵੱਲ ਦੇਖਾ ਦੇਖੀਂ ਸਪਰੇਅ ਖਾਦ ਨਹੀਂ ਪਾਉਂਦਾ। ਦੂਜੀ ਇਹ ਗੰਨਾ ਉਤਪਾਦਕਾਂ ਨੇ ਆਪ ਆਪਣੇ ਪੱਧਰ ਤੇ ਜੱਥੇਬੰਦਕ ਢਾਂਚੇ ਵਿਚ ਇਕੱਠੇ ਹੋ ਕੇ ਗੰਨਾ ਕਾਸ਼ਤਕਾਰਾਂ ਦਾ ਵੱਟਸਐਪ ਗਰੁੱਪ ਬਣਾ ਕੇ ਉਸ ਵਿਚ ਆਪੋ ਆਪਣੀ ਸਮੱਸਿਆਵਾਂ ਇਕ ਦੂਜੇ ਕਿਸਾਨ ਵੀਰਾਂ ਨਾਲ ਸਾਂਝੀ ਕਰ ਕੇ ਆਪਣੇ ਹੀ ਪੱਧਰ ਤੇ ਸੁਝਾਅ ਕੱਢੇ ਹਨ। ਬਹੁਤੇ ਕਿਸਾਨਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਮਾੜੀ ਮੋਟੀ ਫਸਲ ਦੀ ਬਿਮਾਰੀ ਦੇਖ ਕੇ ਸਪਰੇਅ ਨਹੀਂ ਸਾਰੇ ਦੇ ਸਾਰੇ ਰਕਬੇ ਵਿਚ ਕਰਦੇ। ਉਹਨਾਂ ਕਿਹਾ ਕਿ ਅਸੀਂ ਪੁਰਾਣੇ ਕਾਸ਼ਤਕਾਰ ਹੋਣ ਕਰਕੇ ਇਹ ਜ਼ਰੂਰ ਸਮਝ ਗਏ ਹਾਂ ਕਿ ਵਧੇਰੇ ਯੂਰੀਆ ਦੀ ਵਰਤੋਂ ਬਹੁਤਾਤ ਮਾਤਰਾ ਵਿਚ ਬਿਮਾਰੀਆਂ ਕੀਟਾਂ ਦੇ ਸੱਦੇ ਹਨ। ਅੱਜ ਇਹ ਸਾਰੇ ਕਿਸਾਨ ਡੇਢ ਦੋ ਬੋਰੀਆਂ ਹੀ ਯੂਰੀਆ ਖਾਦ ਵਰਤੋ ਕੀਤੀ। ਇਹ ਲੇਖ ਕਾਹਨੂੰਵਾਨ ਦੇ ਗੰਨੇ ਦੇ ਕਾਸ਼ਤਕਾਰਾਂ ਬਾਰੇ ਹੈ। ਜਿਸ ਵਿਚ ਉਹਨਾਂ ਦੀਆਂ ਆਪਣੀਆਂ ਸਮੱਸਿਆਵਾਂ, ਕੰਮ ਕਰਨ ਦੇ ਤਰੀਕੇ, ਉਹਨਾਂ ਦੀ ਸਮਝਦਾਰੀ, ਹੱਲ, ਸੁਝਾਅ ਤੇ ਅਪੀਲਾਂ ਹਨ। ਕਿਸਾਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਕਿ ਫਸਲੀ ਰਹਿੰਦ ਖੂੰਹਦ ਨੂੰ ਖੇਤ 'ਚੋਂ ਬਾਹਰ ਨਾ ਕੱਢੇ, ਬਲਕਿ ਹਰੀ ਖਾਦ ਵਜੋਂ ਮਿੱਟੀ ਦੀ ਉਪਜਾਉਤਾ ਨਹੀ ਕੋਈ ਟੋਕੇ ਵਾਂਗ ਬੂਰਾ ਬਣਾਉਣ ਵਾਲੀ ਮਸ਼ੀਨ ਜਾਰੀ ਕਰੇ। ਇਸ ਲੇਖ 'ਚ ਬਤੌਰ ਲੇਖਕ ਸਾਡੇ ਵਲੋਂ ਕੁਝ ਦੀ ਐਡ ਨਹੀਂ ਕੀਤਾ ਗਿਆ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

### ਆਓ ਗੱਲ ਕਰੀਏ ਕਿਸਾਨਾਂ ਨਾਲ :

**1. ਕਿਸਾਨ ਬਲਕਾਰ ਸਿੰਘ ਪਿੰਡ ਫੁੱਲੜਾ** (98722-40859) ਨੇ ਕਿਹਾ ਕਿ ਮੈਂ 35 ਏਕੜ ਰਕਬੇ 'ਚ ਗੰਨੇ ਦੀ ਕਾਸ਼ਤ ਕਰਦਾ ਕੁਝ ਮਾਲਕੀ ਤੇ ਕੁੱਝ ਠੇਕੇ ਤੇ ਹੈ। ਅਸੀਂ ਕਿਸਮ 95, 94, 98, 86032, ਕਿਸਾਨਾਂ ਤੋਂ ਲੈ ਕੇ ਲਗਾਈ। ਮੈਂ ਖੇਤ ਵਿਚ ਹੀ ਰਹਿੰਦਾ ਹਾਂ ਲਗਾਤਾਰ ਖੇਤ ਚੈੱਕ ਕਰਕੇ ਬਿਮਾਰੀ ਕੀਟਾਂ ਨੂੰ ਦੇਖਦੇ ਹਾਂ। ਮੈਂ ਤਿੰਨ ਬੋਰੇ ਯੂਰੀਆ ਦੇ ਪਾਉਂਦਾ ਹਾਂ ਤੇ ਕਿਸੇ ਵੱਲ ਵੇਖ ਕੇ ਦੇਖਾ ਦੇਖੀ ਸਪਰੇਅ ਖਾਦ ਨਹੀਂ ਪਾਉਂਦੇ। ਮਾੜੀ ਮੋਟੀ ਫਸਲ ਨੂੰ ਬਿਮਾਰੀ ਹੋਵੇ ਤਾਂ ਨਹੀਂ ਜੇਕਰ ਜ਼ਿਆਦਾ ਹੋਵੇ ਤਾਂ ਆਪਣੇ ਨਾਲ ਜੁੜੇ ਗੰਨੇ ਦੇ ਕਿਸਾਨਾਂ ਨਾਲ ਗੱਲਬਾਤ ਕਰਕੇ ਹੀ ਕੋਈ ਸਪਰੇਅ ਬਾਰੇ ਸੋਚਦੇ ਹਾਂ। ਮਿੱਲ ਵਾਲੇ ਵੀ ਦੱਸ ਜਾਂਦੇ ਹਨ। ਸਰਕਾਰ ਨੂੰ ਅਪੀਲ ਕੀਤੀ ਕਿ ਗੰਨਾ ਉਤਪਾਦਕਾਂ ਨੂੰ ਦਵਾਈ ਖਾਦ ਮਿੱਲਾਂ ਤੋਂ ਮਿਲਣੀ ਚਾਹੀਦੀ ਹੈ ਇਕ ਤਾਂ ਸਸਤੀ ਬਜ਼ਾਰ ਨਾਲੋਂ ਮਿਲ ਜਾਂਦੀ ਹੈ। ਦੂਜਾ ਜਿਵੇਂ ਬਾਹਰ ਖੇਤੀ ਦੁਕਾਨਾਂ ਤੇ ਯੂਰੀਆ ਖਾਦ ਨਾਲ ਦੋ ਤਿੰਨ ਚੀਜ਼ਾਂ ਕਿਸਾਨਾਂ ਦੇ ਫਜ਼ੂਲ ਗੱਲ ਵੇਚਣ ਲਈ ਪਾਉਂਦੇ ਹਨ , ਜੋ ਬੇਲੋੜੇ ਖਰਚੇ ਤੇ ਫਜ਼ੂਲ ਧੱਕੇ ਨਾਲ ਖੇਤੀ ਸਮੱਗਰੀ ਸੇਲ ਕਰਦੇ ਮਿੱਲ ਰਾਹੀਂ ਉਹ ਵੀ ਬੱਚ ਜਾਊ। ਨਾਲੇ ਪੈਸੇ ਵਿਚੋਂ ਕੱਟ ਲੈਂਦੇ ਹਨ। ਢੋਆ ਢੁਆਈ ਬਾਰੇ ਕਿਸਾਨ ਬਲਕਾਰ ਸਿੰਘ ਨੇ ਦੱਸਿਆ ਕਿ ਸਾਡੇ ਏਰੀਏ 'ਚ 80 ਫੀਸਦ ਗੰਨੇ ਦੀ ਫਸਲ ਹੈ ਤੇ ਛੋਟੀ ਸੜਕਾਂ ਤਕਰੀਬਨ ਟੁੱਟੀਆਂ ਤੇ ਕੇਵਲ ਦੱਸ ਫੁੱਟ ਦੀ ਹਨ ਜੋ ਨਾਲ ਗੁਜ਼ਰਨ ਵਾਲਾ ਸਾਧਨ ਲੋੜ ਤੋਂ ਵੱਧ ਔਖਾ ਹੁੰਦਾ। ਸੜਕ ਘੱਟੋ ਘੱਟ 22 ਫੁੱਟ ਚਾਹੀਦੀ। ਪੇਮੈਂਟ ਬਾਰੇ ਕੀੜੀ ਮਿਲ ਨੇ ਸੁਧਾਰ ਕੀਤਾ ਉਹ ਚਾਲੀ ਦਿਨ ਤੱਕ ਪਾਉਂਦੀ ਹੈ। ਮੁਕੇਰੀਆਂ ਅਜੇ ਵੀ ਪੈਡਿੰਗ ਚੱਲ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜੋ ਐਕਟ ਹੈ ਪੈਸੇ ਦੇਣ ਦਾ ਉਸ ਮੁਤਾਬਿਕ ਚੱਲੇ ਕਿਸਾਨ ਨੂੰ ਲੇਟ ਨਾ ਕਰੇ। ਉਸ ਨੇ ਅਗਾਂਹ ਬੰਦਿਆਂ ਨੂੰ ਪੈਸੇ ਦੇਣੇ ਹੁੰਦੇ ਹਨ। ਦੂਜੀ ਗੱਲ ਸਰਕਾਰ ਨੂੰ ਅਪੀਲ ਕੀਤੀ ਕਿ ਸੀਜ਼ਨ ਖਤਮ ਹੋਣ ਤੋਂ ਬਾਅਦ ਅਗਲੇ ਸੀਜ਼ਨ ਤੇ ਰੇਟ ਪਹਿਲਾਂ ਐਲਾਨ ਕਰੇ ਕੋਈ ਉਸ ਰੇਟ ਮੁਤਾਬਿਕ ਗੰਨਾ ਲਗਾਵੇ ਜਾਂ ਨਾ ਲਗਾਵੇ ਉਸ ਦੀ ਮਰਜ਼ੀ। ਮਿੱਲ ਵਾਲਿਆਂ ਨੂੰ ਦੂਰ ਦੁਰਾਡੇ ਤੋਂ ਆਉਂਦੇ ਕਿਸਾਨਾਂ ਨੂੰ ਕਿਰਾਇਆ ਦੇਣਾ ਚਾਹੀਦਾ ਜਾਂ ਫਿਰ ਰਾਣਾ ਮਿਲ ਵਾਂਗੂੰ ਆਪ ਆਪਣੇ ਸਾਧਨਾ ਤੇ ਗੰਨਾ ਲੈ ਜਾਣ ਉਹ ਵੀ ਥੋੜਾ ਕਿਰਾਇਆ ਕਿਸਾਨਾਂ ਤੋਂ ਜ਼ਰੂਰ ਲੈਂਦੇ। ਜਿਸ ਨਾਲ ਕਿਸਾਨਾਂ ਦਾ ਸਮਾਂ ਤੇ ਸੜਕੀ ਹਾਦਸਿਆਂ ਦਾ ਰਿਸਕ ਬਚੂ। ਗੰਨੇ ਵਿਭਾਗ ਦੀ ਫਸਲ ਬਾਰੇ ਐਡਵਾਇਜ਼ਰੀ ਲਗਾਤਾਰ ਜਾਰੀ ਨਾ ਤਾਂ ਸੋਸ਼ਲ ਮੀਡੀਆ ਰਾਹੀਂ ਹੁੰਦੀ ਨਾ ਪਿੰਡ ਵਿਚ ਕੈਂਪਾਂ ਰਾਹੀਂ।

**2. ਰਜਿੰਦਰ ਸਿੰਘ ਪਿੰਡ ਬਾਗੜੀਆਂ** (98761-01065) ਨੇ ਕਿਹਾ ਕਿ ਮੈਂ 25 ਏਕੜ ਰਕਬੇ ਚ ਕਾਸ਼ਤ ਕਰਦਾ ਕੁਝ ਕੁ ਠੇਕੇ ਤੇ ਕੁਝ ਮਾਲਕੀ ਹੈ। ਅਸੀਂ 86032, 1895, 18, 95 ਕਪੂਰਥਲਾ ਤੋਂ 14201 ਬਾਕੀ ਕਿਸਾਨਾਂ ਤੋਂ ਬੀਜ ਲੈ ਕਾਸ਼ਤ ਕਰਦੇ ਹਾਂ। ਅਸੀਂ 2.5 ਬੋਰੇ ਤੋਂ ਵੱਧ ਕਦੇ ਯੂਰੀਆ ਨਹੀਂ ਪਾਈ। ਤਜ਼ਰਬੇ ਤੌਰ ਤੇ ਦੇਖਿਆ ਜ਼ਿਆਦਾ ਯੂਰੀਆ ਜ਼ਿਆਦਾ ਬਿਮਾਰੀ ਦਾ ਸੱਦਾ ਹੈ। ਅਸੀਂ ਦੇਖਾਂ ਦੇਖੀਂ ਸਪਰੇਅ ਨਹੀਂ ਕਰਦੇ ਬਿਮਾਰੀ ਦੋ ਤਿੰਨ ਦੇਖ ਕੇ ਫਿਰ ਆਪਸੀ ਸਾਡਾ ਚਾਰ ਗੰਨੇ ਦੇ ਕਾਸ਼ਤਕਾਰਾਂ ਦਾ ਗਰੁੱਪ ਹੈ ਅਸੀਂ ਖੇਤ ਸਮੱਸਿਆ ਸਮੇਂ ਇਕ ਦੂਜੇ ਦੇ ਖੇਤਾਂ ਵਿਚ ਜਾ ਸਲਾਹ ਮਸ਼ਵਰੇ ਨਾਲ ਸਪਰੇਅ ਕਰਦੇ ਹਾਂ। ਜੇਕਰ ਅਸੀਂ ਓਵਰਡੋਜ਼ ਦਵਾਈ ਹੀ ਕਰਾਂਗੇ ਤਾਂ ਗੰਨੇ ਦੀ ਗਰੋਥ ਰੁੱਕ ਜਾਂਦੀ ਉਹ ਜਦ ਪੱਕ ਜਾਵੇਗਾ ਤੇ ਬੂਟੇ ਦਾ ਵਾਧਾ ਖਤਮ ਹੋਣ ਨਾਲ ਗੰਨਾ ਕੁਆਲਟੀ ਪਾਸੋਂ ਖਰਾਬ ਹੋਵੇਗਾ। ਜ਼ਿਆਦਾਤਰ ਬਿਮਾਰੀ ਵਾਲੇ ਗੰਨੇ ਖੇਤ ਚੋਂ ਪੁੱਟ ਦਿੰਦੇ ਹਾਂ। ਉਹਨਾਂ ਕਿਹਾ ਕਿ 86032 ਗੰਨਾ ਹਰੇਕ ਕਿਸਾਨ ਲਈ ਲਾਹੇਵੰਦ ਹੈ। ਭਾਵੇਂ ਚਾਰ ਫੁੱਟ ਤੇ ਜਾਂ 28 ਇੰਚ ਤੇ ਲਗਾਵੇ। ਕਿਸੇ ਗੰਨੇ ਦੇ ਅਦਾਰੇ ਵੱਲੋਂ ਬਿਮਾਰੀਆਂ ਸੰਬੰਧੀ ਐਡਵਾਇਜ਼ਰੀ ਮੀਡੀਏ ਜਾਂ ਪਿੰਡ ਪੱਧਰ ਨਹੀਂ ਜਾਰੀ ਹੁੰਦੀ। ਔਸਤਨ ਝਾੜ ਸਾਡਾ 435 ਕੁਇੰਟਲ ਰਹਿੰਦਾ। ਢੋਆ ਢੁਆਈ ਬਾਰੇ ਕਿਹਾ ਕਿ ਤੁਸੀਂ ਤੇ ਸੜਕ ਬਹੁਤ ਮਾੜੀ ਹੈ ਦਰਖਤ ਸੜਕਾਂ ਉੱਪਰ ਆ ਗਏ ਹਨ ਦੂਜੇ ਪਾਸੇ ਬਲਵੰਡੇ ਹਾਲੇ ਤੱਕ ਪੁੱਲ ਨਹੀਂ ਬਣਿਆ। ਉਹਨਾਂ ਕਿਹਾ ਕਿ ਜੇਕਰ ਫੋਕਲ ਪੁਆਇੰਟਾਂ ਤੇ ਕੰਡੇ ਲੱਗ ਜਾਣ ਤਾਂ ਲੋਕਾਂ ਦੀ ਹਰਾਸਮੈਂਟ ਘੱਟ ਜਾਵੇ 80% ਲੋਕ ਮਿੱਲਾਂ ਨੂੰ ਡਰਾਈਵਰ ਭੇਜਦੇ ਹਨ। ਸੜਕਾਂ ਛੋਟੀਆਂ ਤੇ ਟੁੱਟੀਆਂ ਤੇ ਕਰਾਸਿੰਗ ਧੁੰਦ ਵਿਚ ਦੇਣੀ ਆਪਣੀ ਤੇ ਅਗਲੇ ਸਾਧਨ ਨੂੰ ਔਖੀ ਹੁੰਦੀ। ਮਿੱਲਾਂ 'ਚ ਲੈਟਰਿੰਗ ਬਾਥਰੂਮ ਦੇ ਕੋਈ ਪ੍ਰਬੰਧ ਨਹੀਂ। ਕਿਸਾਨ ਦੀ ਮਸ਼ੀਨਰੀ ਟੁੱਟਣੋਂ ਬਚੂ। ਬੇਸ਼ੱਕ ਮਿਲ ਵਾਲੇ ਕਿਸਾਨ ਤੋਂ ਥੋੜ੍ਹਾ ਕਰਾਇਆ ਲੈ ਲੈਣ। ਦੂਜਾ ਟਰੈਕਟਰ ਦੇ ਟਾਇਰ ਮਹਿੰਗੇ ਜੋ ਉੱਡਦੇ ਦੋ ਸਾਲਾਂ ਬਾਅਦ ਟਰਾਲੀ ਦੇ ਟਾਇਰ ਪਵਾਉਣੇ ਪੈਂਦੇ ਤੇ ਟਰੈਕਟਰ ਦੇ ਵੱਖਰੇ ਅਤੇ ਟਰਾਲੀ ਵੀ ਸੱਤਵੇਂ ਅੱਠਵੇਂ ਸਾਲ ਲੱਖਾਂ ਦੀ ਤਿਆਰ ਕਰਨੀ ਪੈਂਦੀ ਉਹ ਖਰਚ ਕਿੰਨੇ ਨੋਟ ਕੀਤੇ। ਜੇ ਸਰਬੱਤ ਦਾ ਭਲਾ ਮੰਗਣਾ ਤਾਂ ਫੋਕਲ ਪੁਆਇੰਟਾਂ ਤੇ ਕੰਢੇ ਚੰਗੇ ਹੋਣ ਕਿਉਕਿ ਅਗਾਂਹ ਪਰਿਵਾਰ ਵੈਸੇ ਛੋਟੇ ਹਨ। ਛੋਟੇ ਜ਼ਿੰਮੀਦਾਰਾਂ ਨੂੰ ਖਰਾਬ ਕੀਤਾ ਜਾਂਦਾ ਵੱਡੇ ਦਬਾਅ ਵਾਲੇ ਲੋਕਾਂ ਨੂੰ ਪਰਚੀ ਪਹਿਲਾਂ ਮਿਲ ਜਾਂਦੀ। ਪੇਮੈਂਟ ਦਸੂਹੇ ਦੀ ਵਧੀਆ ਸਾਡੇ ਰਿਸ਼ਤੇਦਾਰ ਦੱਸਦੇ ਮੁਕੇਰੀਆਂ ਦੀ ਮਾਰਚ ਮਹੀਨੇ ਗਿਆ ਅਜੇ ਤੱਕ ਕਲੀਅਰ ਨਹੀਂ ਉਤੋਂ ਟੁੱਟਵੀਂ। ਲੇਬਰ ਦੇ ਵੀ ਦੇਣੇ ਹੁੰਦੇ, ਸਰਕਾਰ ਨੂੰ ਚਾਹੀਦਾ ਕਿ ਇਕੱਠੇ ਸਮੇਂ ਸਿਰ ਪੈਸੇ ਦੇਣ। ਬਾਕੀ ਵੱਧ ਮਿੱਠੇ ਵਾਲੀ ਕਿਸਮ ਦੇ ਵੀ ਉਨੇ ਤੇ ਘੱਟ ਵਾਲੀ ਦੇ ਵੀ ਉਨੇ। ਹਾਲਾਂਕਿ ਵੱਧ ਮਿੱਠੇ ਵਾਲੀ ਨੂੰ ਜਾਨਵਰ ਜ਼ਿਆਦਾ ਪੈਂਦਾ, ਸਾਡਾ ਨਿਗਰਾਨੀ ਕਰਨ ਚ ਜ਼ੋਰ ਲੱਗਾ ਹੁੰਦਾ। ਵੱਧ ਮਿੱਠੇ ਵਾਲੀ ਕਿਸਮ ਦੇ ਵੱਧ ਪੈਸੇ ਚਾਹੀਦੇ। ਬਾਕੀ ਸਰਕਾਰ ਨੂੰ ਚਾਹੀਦਾ ਕਿ ਫਸਲ ਰਹਿੰਦ ਖੂੰਹਦ ਨੂੰ ਖੇਤ ਚੋਂ ਚੁੱਕੇ ਨਾ ਮਿੱਟੀ ਦੀ ਉਪਜਾਊ ਸ਼ਕਤੀ ਲਈ ਕੋਈ ਮਸ਼ੀਨਾਂ ਅਜਿਹੀਆਂ ਦੇਣ ਜੋ ਟੋਕੇ ਵਾਂਗ ਬੂਰਾ ਖੇਤ ਵਿਚ ਖਲਾਰੇ।

**3. ਕੁਲਦੀਪ ਸਿੰਘ ਪਿੰਡ ਰਾਜਪੁਰ** (98780-48250) ਨੇ ਕਿਹਾ ਕਿ ਮੈਂ 22 ਏਕੜ ਰਕਬੇ 'ਚ ਗੰਨੇ ਦੀ ਕਾਸ਼ਤ ਕਰਦਾ ਕੁਝ ਮਾਲਕੀ ਹੈ ਤੇ ਕੁਝ ਠੇਕੇ ਤੇ। ਅਸੀਂ ਪਹਿਲਾਂ 38 ਕਿਸਮ ਲਗਾਉਂਦੇ ਸੀ ਹੁਣ 94, 95 ਲਗਾਉਂਦੇ ਹਾਂ। ਕੁਝ ਕੁ ਗੁੱਲੀਆਂ ਮੈਂ ਆਸਟ੍ਰੇਲੀਆ ਤੋਂ ਮੰਗਵਾਏ ਸੀ ਜੋ ਗਮਲੇ ਤੋਂ ਤਿਆਰ ਕਰ ਮੁੜ ਕਨਾਲ ਫਿਰ ਦੋ ਕਨਾਲਾਂ ਤੇ ਹੁਣ ਇਕ ਕਿੱਲ 'ਚ ਲਗਾਉਣ ਤੋਂ ਬਾਅਦ ਕਾਫੀ ਲੋਕਾਂ ਨੂੰ ਬੀਜ ਦਿੱਤਾ ਜੋ ਆਪਣੀ ਕਿਸਮਾਂ ਨਾਲੋਂ ਵੱਡਾ ਕੱਦ ਤੇ ਵੱਧੀਆ ਮਿੱਠਾ ਰਿਹਾ। ਉਸ ਨੂੰ ਕੇਵਲ ਇਕ ਬੋਰਾ ਯੂਰੀਆ ਪਾਇਆ ਜੋ ਬਹੁਤ ਵੱਡਾ ਹੋ ਗਿਆ। ਆਮ ਗੰਨੇ ਨੂੰ ਵੀ ਅਸੀਂ ਕੇਵਲ ਦੋ ਬੋਰੀਆਂ ਹੀ ਯੂਰੀਆ ਪਾਉਂਦੇ ਸਾਡਾ ਮੰਨਣਾ ਹੈ ਕਿ ਵੱਧ ਖਾਦ ਨਾਲ ਵੱਧ ਬਿਮਾਰੀ ਕੀਟ ਆਉਂਦੇ ਹਨ ਤੇ ਗੰਨਾ ਖਰਾਬ ਹੁੰਦਾ ਹੈ। ਇਹ ਅਸੀਂ ਤਜ਼ਰਬੇ ਕਰਕੇ ਦੇਖੇ ਹਨ। ਅਸੀਂ ਲਗਾਤਾਰ ਫਸਲ ਦੇਖ ਕੇ ਚਲਦੇ ਹਾਂ ਕਈ ਪੈਲੀਆਂ 'ਚ ਤਾਂ ਅਸੀਂ ਸਪਰੇਅ ਹੀ ਨਹੀਂ ਕਰਦੇ। ਉਹਨਾਂ ਕਿਹਾ ਕਿ ਬਿਮਾਰੀ ਕੀਟਾਂ ਸਬੰਧੀ ਕਿਸੇ ਗੰਨੇ ਦੇ ਵਿਭਾਗ ਜਾਂ ਮਿੱਲਾਂ ਵੱਲੋਂ ਅਗੇਤੀ ਐਡਵਾਇਜਰੀ ਜਾਰੀ ਨਹੀਂ ਹੁੰਦੀ। ਸਰਵੇਅਰ ਆਉਂਦੇ ਹਨ ਪਰ ਤਕਨੀਕੀ ਤੌਰ ਤੇ ਮਜ਼ਬੂਤ ਨਹੀਂ। ਉਹਨਾਂ ਕਿਹਾ ਕਿ ਕਿਸਾਨਾਂ ਦੀ ਇਹ ਦਸ਼ਾ ਹੈ ਕਿ ਖੇਤੀ ਦੁਕਾਨਾਂ ਕੋਲ ਭੱਜਦੇ ਹਨ ਤੇ ਉਹ ਇਕ ਦੇ ਨਾਲ ਦੋ ਹੋਰ ਚੀਜ਼ਾਂ ਬੰਨਦੇ ਹਨ। ਅਸੀਂ ਕਦੇ ਕਿਸੇ ਨੂੰ ਦੇਖ ਸਪਰੇਅ ਖਾਦ ਨਹੀਂ ਪਾਈ। ਢੋਆ ਢੁਆਈ ਬਾਰੇ ਕਿਹਾ ਕਿ ਮਿੱਲਾਂ ਚ ਲਾਇਨਾਂ ਦੀ ਲੜਾਈ ਕਰਕੇ ਜ਼ਿਅਦਾ ਲੋਕ ਡਰਾਇਵਰ ਹੀ ਭੇਜਦੇ ਆਪ ਨਹੀਂ ਜਾਂਦੇ। ਸੜਕਾਂ ਦਾ ਮਾੜਾ ਹਾਲ ਐ ਕੀੜੀ ਮਿਲ ਨੂੰ ਜਾਂਦਿਆਂ ਘੋੜੇਵਾਹ ਸੜਕ ਤੇ ਬਹੁਤ ਵੱਡੇ ਟੋਟੇ ਟੁੱਟੇ ਹਨ ਟਰੈਕਟਰ ਹਾਦਸੇ ਹੁੰਦੇ ਰਹਿੰਦੇ ਹਨ। ਸਰਕਾਰ ਨੂੰ ਫਸਲ ਦੇ ਲਾਂਘੇ ਬਾਰੇ ਸੋਚਣਾ ਚਾਹੀਦਾ ਬਹੁਤੇ ਤਾਂ ਏਸੇ ਕਾਰਨ ਕਾਸ਼ਤ ਛੱਡ ਰਹੇ ਹਨ। ਅਸੀਂ ਦੱਸ ਮਹੀਨੇ ਬਾਅਦ ਕਟਾਈ ਕਰਦੇ ਹਾਂ। ਉਹਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਸਾਨੂੰ ਪੇਮੈਂਟ ਲੈਣ ਲਈ ਧਰਨਾ ਲਗਾ ਸੜਕਾਂ ਤੇ ਰੁਲਣਾ ਪੈਂਦਾ ਹੁਣ ਕਿਸਾਨ ਜਥੇਬੰਦੀਆਂ ਮਜ਼ਬੂਤ ਹੋਈਆਂ ਪਰ ਮਿੱਲ ਦੇ ਤੇ 55 ਵੱਖਰੇ ਲੇਟ ਮਿਲਦੇ ਤੇ ਬਾਕੀ ਵੱਖਰੇ ਪੈਸੇ ਤੋੜ ਕੇ ਦਿੰਦੇ ਹਨ। ਔਸਤਨ ਝਾੜ 425 ਕੁਇੰਟਲ ਰਹਿੰਦਾ ਕੁਝ ਕੁ ਦਾ ਵਧ ਵੀ ਨਿਕਲ ਜਾਂਦਾ।

(ਚੱਲਦਾ)

## ਕਿਸਾਨ ਮੇਲਾ 13-14 ਸਤੰਬਰ ਲੁਧਿਆਣਾ

ਕਣਕ ਦੀਆਂ ਸਭ ਤੋਂ ਵੱਧ ਝਾੜ ਦੇਣ ਵਾਲੀਆਂ ਨਵੀਆਂ ਕਿਸਮਾਂ
**HD-3386, DBW-327 (IARI ਦਿੱਲੀ ਵੱਲੋਂ ਪਾਸ)**
**PBW-826 (ਪੀ.ਏ.ਯੂ ਲੁਧਿਆਣਾ ਵੱਲੋਂ ਪਾਸ)**

ਕਣਕ ਦੀਆਂ ਹੋਰ ਕਿਸਮਾਂ
**DBW - 303 DBW-222**
**DBW-187, HD–3086**

ਚਾਰੇ ਦੀਆਂ ਕਿਸਮਾਂ
ਬਰਸੀਮ ਬੀ ਐਲ-10 (ਹਾੜੂ) ਬੀ ਈ-1, ਬੀ ਐਲ-42,
ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾ ਕੈਂਟ, ਸਰੋਂ

ਹੋਰ ਕਿਸਮਾਂ : ਛੋਲੇ, ਮਸਰ, ਤੋਰਿਆਂ, ਅਲਸੀ, ਗਇਆ, ਮਟਰ, ਗੋਭੀ ਸਰੋਂ, ਸਬਜ਼ੀਆਂ ਦੀਆਂ ਆਰਗੈਨਿਕ ਹਾਈਬ੍ਰਿਡ ਪਨੀਰੀਆਂ ਖਰੀਦੋ

**ਬਰਾੜ ਸੀਡਜ**
ਸਾਹਮਣੇ ਪੀ.ਏ.ਯੂ ਗੇਟ ਨੰ: 1, ਫਿਰੋਜ਼ਪੁਰ ਰੋਡ, ਲੁਧਿਆਣਾ
ਫੋਨ: 0161-2461723, 5088210, 98140-97127, 98158-00034

### ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵੱਲੋਂ ਗੁਲਾਬੀ ਸੁੰਡੀ ਦੇ ਹਾਟ-ਸਪਾਟ ਵਾਲੇ ਵੱਖ-ਵੱਖ ਖੇਤਾ ਦਾ ਦੌਰਾ, ਅਜੇ ਨਹੀਂ ਹੈ ਕੀਤੇ ਹਮਲਾ

# ਅਗਲੇ 15 ਤੋਂ 20 ਦਿਨ ਨਰਮੇ ਦੀ ਫਸਲ ਦਾ ਰੱਖਿਆ ਜਾਵੇ ਖਾਸ ਧਿਆਨ, ਰੋਜਾਨਾ ਖੇਤਾਂ ਦੇ ਸਰਵੇਖਣ ਦੀ ਲੋੜ


ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਨਰਮੇ ਦੀ ਫਸਲ ਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਡਾ. ਸੰਦੀਪ ਕੁਮਾਰ ਰਿਣਵਾ ਮੁੱਖ ਖੇਤੀਬਾੜੀ ਅਫਸਰ, ਫਾਜਿਲਕਾ, ਡਾ. ਪਰਮਿੰਦਰ ਸਿੰਘ ਧੰਜੂ ਬਲਾਕ ਖੇਤੀਬਾੜੀ ਅਫਸਰ ਖੂਈਆਂ ਸਰਵਰ, ਅਸ਼ੀਸ਼ ਸ਼ਰਮਾ ਖੇਤੀਬਾੜੀ ਵਿਕਾਸ ਅਫਸਰ, ਸੌਰਵ ਸੰਧਾ ਖੇਤੀਬਾੜੀ ਵਿਕਾਸ ਅਫਸਰ ਸਰਕਲ ਘੱਲੂ ਅਤੇ ਅਰਮਾਨਦੀਪ ਸਿੰਘ ਖੇਤੀਬਾੜੀ ਉਪ ਨਿਰੀਖਕ ਸਰਕਲ ਘੱਲੂ ਵੱਲੋਂ ਪਿੰਡ ਡੰਗਰ ਖੇੜਾ, ਕਟੈਹੜਾਂ ਅਤੇ ਬੋਦੀ ਵਾਲਾ ਪੀਥਾ ਵਿਖੇ ਗੁਲਾਬੀ ਸੁੰਡੀ ਦੇ ਹਾਟ-ਸਪਾਟ ਵਾਲੇ ਵੱਖ-ਵੱਖ ਖੇਤਾ ਦਾ ਦੌਰਾ ਕੀਤਾ ਗਿਆ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਰਵੇਖਣ ਦੌਰਾਨ ਗੁਲਾਬੀ ਸੁੰਡੀ ਦਾ ਹਮਲਾ ਨਹੀਂ ਪਾਇਆ ਗਿਆ ਹੈ।

ਮੁੱਖ ਖੇਤੀਬਾੜੀ ਅਫਸਰ ਵੱਲੋਂ ਕਿਸਾਨਾਂ ਨੂੰ ਦੱਸਿਆ ਗਿਆ ਕਿ ਹਾਲ ਦੀ ਘੜੀ ਨਰਮੇ ਦੀ ਫਸਲ ਦੀ ਸਥਿਤੀ ਬਹੁਤ ਵਧੀਆ ਹੈ ਪ੍ਰੰਤੂ ਆਉਣ ਵਾਲੇ 10-15 ਦਿਨ ਗੁਲਾਬੀ ਸੁੰਡੀ ਦੇ ਹਮਲੇ ਲਈ ਅਨੁਕੂਲ ਹਨ। ਇਸ ਲਈ ਅਗਲੇ 15 ਤੋਂ 20 ਦਿਨ ਨਰਮੇ ਦੀ ਫਸਲ ਦਾ ਖਾਸ ਧਿਆਨ ਰੱਖਿਆ ਜਾਵੇ। ਇਸ ਲਈ ਲਗਾਤਾਰ ਰੋਜਾਨਾ ਖੇਤਾਂ ਦਾ ਸਰਵੇਖਣ ਕੀਤਾ ਜਾਵੇ। ਜੇਕਰ ਗੁਲਾਬੀ ਸੁੰਡੀ ਦਾ ਹਮਲਾ ਈ.ਟੀ.ਐਲ. ਤੋਂ ਵੱਧ ਪਾਇਆ ਜਾਂਦਾ ਹੈ ਤਾਂ ਕਿਸਾਨਾਂ ਨੂੰ ਪੀ.ਏ.ਯੂ. ਲੁਧਿਆਣਾ ਦੀਆਂ ਸ਼ਿਫਾਰਸ਼ੁਦਾ ਸਪਰੇਆਂ ਕੀਤੀਆਂ ਜਾਣ ਤਾਂ ਜੋ ਨਰਮੇ ਦੀ ਫਸਲ ਤੋਂ ਚੰਗਾ ਝਾੜ ਲਿਆ ਜਾ ਸਕੇ।



## ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਵੈਟਨਰੀ ਯੂਨੀਵਰਸਿਟੀ ਲੁਧਿਆਣਾ ਦੇ ਉਪ-ਕੁਲਪਤੀ ਦਾ ਸੰਭਾਲਿਆ ਕਾਰਜਭਾਰ

ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਉਪ-ਕੁਲਪਤੀ ਵਜੋਂ ਕਾਰਜਭਾਰ ਸੰਭਾਲ ਲਿਆ ਹੈ। ਡਾ. ਗਿੱਲ ਇਕ ਉੱਘੇ ਸਿੱਖਿਆ ਸ਼ਾਸਤਰੀ ਅਤੇ ਨਾਮਵਰ ਖੋਜਕਾਰ ਵਜੋਂ 34 ਸਾਲ ਤੋਂ ਵਧੇਰੇ ਸਮੇਂ ਤੋਂ ਵੈਟਨਰੀ ਸਿੱਖਿਆ, ਖੋਜ ਅਤੇ ਅਕਾਦਮਿਕ ਪ੍ਰਸ਼ਾਸਨ ਵਿਚ ਯੋਗਦਾਨ ਦੇ ਰਹੇ ਹਨ। ਉਨ੍ਹਾਂ ਦੇ 16 ਸਾਲ ਦੇ ਪ੍ਰਸ਼ਾਸਕੀ ਤਜਰਬੇ ਵਿਚ 9 ਸਾਲ ਨਿਰਦੇਸ਼ਕ ਖੋਜ, ਖੋਜ ਸੰਯੋਜਕ ਅਤੇ ਹੋਰ ਮਹੱਤਵਪੂਰਨ ਜ਼ਿੰਮੇਵਾਰੀਆਂ ਵਾਲੇ ਰਹੇ ਹਨ। ਚਾਰ ਸਾਲ ਉਨ੍ਹਾਂ ਨੇ ਸਕੂਲ ਆਫ ਪਬਲਿਕ ਹੈਲਥ ਦੇ ਨਿਰਦੇਸ਼ਕ ਅਤੇ ਦੋ ਸਾਲ ਵਿਭਾਗ ਮੁਖੀ ਵਜੋਂ ਸੇਵਾ ਦਿੱਤੀ। ਉਹ ਕੈਨੇਡਾ ਦੀ ਯੂਨੀਵਰਸਿਟੀ ਆਫ ਸਸਕੈਚਵਨ ਵਿਖੇ ਅਡਜੰਕਟ ਪ੍ਰੋਫੈਸਰ ਦੇ ਤੌਰ 'ਤੇ ਵੀ ਸੇਵਾ ਦੇ ਚੁੱਕੇ ਹਨ। ਡਾ. ਗਿੱਲ ਨੇ ਖੋਜ ਦੇ ਖੇਤਰ ਵਿਚ 140 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜ ਪ੍ਰਾਜੈਕਟਾਂ ਰਾਹੀਂ 150 ਕਰੋੜ ਰੁ: ਤੋਂ ਵਧੇਰੇ ਵਿਤੀ ਯੋਗਦਾਨ ਪ੍ਰਾਪਤ ਕੀਤਾ ਹੈ। ਇਸੇ ਉਪਰਾਲੇ ਵਿਚ 48 ਰਾਸ਼ਟਰੀ ਅਤੇ 12 ਅੰਤਰਰਾਸ਼ਟਰੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਜਿਨ੍ਹਾਂ ਵਿਚ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ, ਜਰਮਨੀ, ਥਾਈਲੈਂਡ ਅਤੇ ਬਰਾਜ਼ੀਲ ਮੁਲਕਾਂ ਦੀਆਂ ਸੰਸਥਾਵਾਂ ਸ਼ਾਮਿਲ ਹਨ, ਨਾਲ ਸਹਿਯੋਗ ਸਥਾਪਿਤ ਕੀਤਾ ਹੈ। ਇਸ ਤੋਂ ਇਲਾਵਾ 40 ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਅਕਤੀਗਤ ਖੋਜ ਪ੍ਰਾਜੈਕਟਾਂ ਰਾਹੀਂ ਉਨ੍ਹਾਂ ਨੇ 50 ਕਰੋੜ ਵਿਤੀ ਯੋਗਦਾਨ ਹਾਸਿਲ ਕੀਤਾ ਹੈ। ਰਾਸ਼ਟਰੀ ਪੱਧਰ 'ਤੇ ਉਹ ਭਾਰਤ ਸਰਕਾਰ ਦੇ ਬਾਇਓਤਕਨਾਲੋਜੀ ਵਿਭਾਗ, ਇੰਡੀਅਨ ਕਾਉਂਸਲ ਆਫ ਮੈਡੀਕਲ ਰਿਸਰਚ, ਭਾਰਤੀ ਖੇਤੀ ਖੋਜ ਪਰਿਸ਼ਦ ਅਤੇ ਭਾਰਤੀ ਭੋਜਨ ਸੁਰੱਖਿਆ ਅਤੇ ਮਿਆਰ ਅਥਾਰਿਟੀ ਦੇ ਮਾਹਿਰ ਵਜੋਂ ਸੇਵਾ ਦੇ ਚੁੱਕੇ ਹਨ। ਡਾ. ਗਿੱਲ ਨੇ ਆਪਣਾ ਅਹੁਦਾ ਸੰਭਾਲਦਿਆਂ ਕਿਹਾ ਕਿ ਉਹ ਅਧਿਆਪਕਾਂ ਅਤੇ ਕਰਮਚਾਰੀ ਸਾਥੀਆਂ ਨੂੰ ਪੂਰਾ ਸਹਿਯੋਗ ਦੇਣਗੇ ਅਤੇ ਉਨ੍ਹਾਂ ਦਾ ਪੂਰਾ ਯੋਗਦਾਨ ਚਾਹੁਣਗੇ। ਉਨ੍ਹਾਂ ਨੇ ਸੰਬੰਧਿਤ ਮਹਿਕਮਿਆਂ ਅਤੇ ਵਿਭਾਗਾਂ ਕੋਲੋਂ ਵੀ ਪੂਰਨ ਸਹਿਯੋਗ ਦੀ ਆਸ ਪ੍ਰਗਟਾਈ। ਇਸ ਮੀਟਿੰਗ ਦੌਰਾਨ ਭੂਤਪੂਰਵ ਉਪ-ਕੁਲਪਤੀ ਡਾ. ਇੰਦਰਜੀਤ ਸਿੰਘ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿਚ ਆਪਣਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਅਧਿਆਪਕ ਬਹੁਤ ਮਿਹਨਤੀ ਅਤੇ ਗਤੀਸ਼ੀਲ ਹਨ ਅਤੇ ਉਹ ਪਸ਼ੂਧਨ ਦੀ ਭਲਾਈ ਲਈ ਸਦਾ ਅੱਗੇ ਵੱਧ ਕੇ ਕੰਮ ਕਰਦੇ ਹਨ।



## ਲੁਧਿਆਣੇ ਦੇ ਕਿਸਾਨ ਮੇਲੇ ਮੌਕੇ ਬਰਾੜ ਸੀਡਜ਼ ਤੇ ਕਣਕ ਦੀਆਂ ਨਵੀਆਂ ਕਿਸਮਾਂ ਦੇ ਬੀਜ ਉਪਲਬਧ ਹੋਣਗੇ - ਬਰਾੜ

ਪੰਜਾਬ ਵਿੱਚ ਕਣਕ ਅਨਾਜ ਦੀ ਮੁੱਖ ਫਸਲ ਹੈ। ਕਣਕ ਸਰਦੀ ਰੁੱਤ ਦੀ ਫਸਲ ਹੈ। ਸ਼ੁਰੂ ਵਿੱਚ ਕਣਕ ਨੂੰ ਠੰਡ ਦੀ ਲੋੜ ਹੁੰਦੀ ਹੈ। ਕਣਕ ਦੀ ਫਸਲ ਕਲਰ ਅਤੇ ਸੇਮ ਵਾਲੀਆਂ ਜ਼ਮੀਨਾਂ ਤੋਂ ਬਿਨਾਂ ਕਣਕ ਹਰ ਕਿਸਮ ਦੀ ਜ਼ਮੀਨ ਵਿੱਚ ਪੈਦਾ ਕੀਤੀ ਜਾ ਸਕਦੀ ਹੈ। ਇਹ ਪ੍ਰਗਟਾਵਾ ਫਿਰੋਜ਼ਪੁਰ ਰੋਡ ਸਥਿਤ ਬਰਾੜ ਸੀਡਜ਼ ਦੇ ਐਮ. ਡੀ. ਹਰਵਿੰਦਰ ਸਿੰਘ ਬਰਾੜ ਨੇ ਕੀਤਾ। ਉਹਨਾਂ ਦੱਸਿਆ ਕਿ ਇਸ ਸਾਲ ਲੁਧਿਆਣੇ ਦਾ ਕਿਸਾਨ ਮੇਲਾ 13 ਅਤੇ 14 ਸਤੰਬਰ ਨੂੰ ਲੱਗ ਰਿਹਾ ਹੈ। ਇਸ ਮੌਕੇ ਕਣਕ ਦੀਆਂ ਨਵੀਆਂ ਕਿਸਮਾਂ ਲਿਆਂਦੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਆਈ. ਏ. ਆਰ. ਆਈ. ਦਿੱਲੀ ਵੱਲੋਂ ਪਾਸ ਐਚ ਡੀ-3386 ਨਵੀਂ ਕਿਸਮ ਹੈ। ਇਹ ਕਿਸਮ ਪੀਲੀ ਤੇ ਭੂਰੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ। ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ। ਇਸ ਦਾ ਔਸਤਨ ਕੱਦ 100-105 ਸੈਂਟੀਮੀਟਰ ਤੱਕ ਹੁੰਦਾ ਹੈ। ਇਹ ਕਿਸਮ ਤਕਰੀਬਨ 140 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਦੀ ਬਿਜਾਈ ਪੰਜਾਬ, ਹਰਿਆਣਾ, ਹਿਮਾਚਲ, ਯੂ. ਪੀ. ਆਦਿ ਰਾਜਾਂ ਵਿੱਚ ਬੀਜਣ ਦੀ ਸਿਫਾਰਿਸ਼ ਕੀਤੀ ਗਈ ਹੈ ਇਸ ਕਿਸਮ ਦਾ ਝਾੜ ਆਈ. ਏ. ਆਰ. ਆਈ. ਮੁਤਾਬਕ ਘੱਟ ਤੋਂ ਘੱਟ 26 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ। ਉਨ੍ਹਾਂ ਦੱਸਿਆ ਕਿ ਦੂਸਰੀ ਨਵੀਂ ਕਿਸਮ ਡੀ. ਬੀ. ਡਬਲਊ.-327 ਹੈ। ਇਹ ਕਿਸਮ ਆਈ. ਆਈ. ਡਬਲਊ. ਬੀ. ਆਰ. ਕਰਨਾਲ ਵੱਲੋਂ ਪਾਸ ਹੈ। ਇਸ ਦੀ ਬਿਜਾਈ ਦਾ ਸਮਾਂ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਹੈ। ਇਸ ਦਾ ਔਸਤਨ ਕੱਦ 100 ਸੈਂਟੀਮੀਟਰ ਤੱਕ ਹੁੰਦਾ ਹੈ। ਇਹ ਕਿਸਮ 140 ਤੋਂ 145 ਦਿਨ ਵਿੱਚ ਪੱਕਦੀ ਹੈ। ਇਸ ਕਿਸਮ ਦਾ ਫੁਟਾਰਾ ਬਹੁਤ ਜਿਆਦਾ ਹੁੰਦਾ ਹੈ। ਇਹ ਕਿਸਮ ਪੀਲੀ ਕੁੰਗੀ ਅਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਕਿਸਮ ਦਾ ਝਾੜ ਹੁਣ ਤੱਕ ਆਈਆਂ ਕਿਸਮਾਂ ਨਾਲੋਂ ਵੱਧ ਨਿਕਲਿਆ ਹੈ। ਇਹ ਕਿਸਮ ਡਿਗਦੀ ਨਹੀਂ ਹੈ। ਇਸ ਦੇ ਦਾਣੇ ਮੋਟੇ ਤੇ ਚਮਕਦਾਰ ਹੁੰਦੇ ਹਨ ਅਤੇ ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੈ ਤੇ ਖਾਣ ਲਈ ਬਹੁਤ ਸਵਾਦੀ ਹੁੰਦੀ ਹੈ। ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀ ਲਾਹੇਵੰਦ ਕਿਸਮ ਪੀਏਯੂ ਲੁਧਿਆਣਾ ਵੱਲੋਂ ਪਾਸ ਨਵੀਂ ਕਿਸਮ ਪੀ ਬੀ ਡਬਲਿਊ 826 ਲਿਆਂਦੀ ਜਾ ਰਹੀ ਹੈ। ਇਸ ਦਾ ਕੱਦ 100 ਸੈਂਟੀਮੀਟਰ ਤੱਕ ਹੁੰਦਾ ਹੈ ਇਹ ਕਿਸਮ ਤਕਰੀਬਨ 148 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦਾ ਝਾੜ ਘਟ ਤੋਂ ਘਟ 24 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ। ਇਹ ਕਿਸਮ ਗਰਮੀ ਦੇ ਤਾਪਮਾਨ ਦਾ ਟਾਕਰਾ ਕਰਨ ਦੀ ਸਮਰਥਾ ਰੱਖਦੀ ਹੈ। ਇਹ ਕਿਸਮ ਭੂਰੀ ਤੇ ਪੀਲੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ। ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ। ਇਹ ਕਿਸਮ ਅਗੇਤੀ ਅਤੇ ਪਿਛੇਤੀ ਕਿਸਮ ਹੈ। ਇਸ ਦੀ ਬਿਜਾਈ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਕੀਤੀ ਜਾ ਸਕਦੀ ਹੈ। ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਡੀਬੀਡਬਲਊ 303, ਡੀਬੀਡਬਲਊ 222, ਡੀਬੀਡਬਲਊ 187, ਬੀ ਆਰ 36 ਐਚਡੀ 3086 ਵੀ ਕਿਸਮਾਂ ਵਧੇਰੇ ਲਾਹੇਵੰਦ ਹਨ। ਉਹਨਾਂ ਦੱਸਿਆ ਕਿ ਚਾਰੇ ਦੀਆਂ ਕਿਸਮਾਂ ਦੀ ਬੀਜਾਈ ਦਾ ਢੁੱਕਵਾਂ ਸਮਾਂ ਚੱਲ ਰਿਹਾ ਹੈ, ਜਿਨ੍ਹਾਂ ਵਿੱਚੋਂ ਬਰਸੀਮ ਬੀਐਲ 10 ਹੜ੍ਹ, ਬੀਐਲ 42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾਂ ਕੈਂਟ, ਸਰੋਂ ਹੋਰ ਕਿਸਮਾਂ ਛੋਲੇ, ਮਸਰ, ਤੋਰੀਆ ਅਲਸੀ, ਰਾਈਆ, ਮਟਰ, ਗੋਭੀ ਸਰੋਂ ਦੀ ਬੀਜਾਈ ਕਰਕੇ ਕਿਸਾਨ ਭਰਾ ਵਧੇਰੇ ਮੁਨਾਫਾ ਲੈ ਸਕਦੇ ਹਨ।









# ਦਰੀਆਂ ਬੁਣਨ ਦੀ ਅਲੋਪ ਹੋ ਰਹੀ ਕਲਾ ਨੂੰ ਸੰਭਾਲਣ ਦਾ ਸਫਲ ਯਤਨ



**ਹੁਣ ਵੀ ਕਈ ਸਭਿਆਚਾਰ ਪ੍ਰੇਮੀ ਆਪੋ ਆਪਣੀ ਪੱਧਰ ਦੀ ਅਲੋਪ ਹੋ ਰਹੀ ਕਿਸੇ ਨਾ ਕਿਸੇ ਕਲਾ ਜਾਂ ਹੁਨਰ ਨੂੰ ਸੰਭਾਲਣ ਦਾ ਯਤਨ ਕਰ ਰਹੇ ਹਨ । ਇਨ੍ਹਾਂ ਵਿਚੋਂ ਇਕ ਹਨ ਪ੍ਰੋਫੈਸਰ (ਡਾ.) ਜਗਦੀਸ਼ ਕੌਰ । ਇਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਪੰਜਾਬੀ ਦੇ ਪ੍ਰੋਫੈਸਰ ਹਨ । ਉਹ ਆਪਣੇ ਵਿਭਾਗ ਅਤੇ ਸੰਚਾਰ ਕੇਂਦਰ ਦੇ ਵੀ ਮੁਖੀ ਰਹੇ ਹਨ । ਪੰਜਾਬ ਔਰਤਾਂ ਦੀਆਂ ਸਭ ਤੋਂ ਹਰਮਨ ਪਿਆਰੀਆਂ ਦੋ ਕਲਾਵਾਂ ਸਨ । ਫੁਲਕਾਰੀ ਦੀ ਕਢਾਈ ਅਤੇ ਦਰੀਆਂ ਦੀ ਬੁਣਾਈ ।**

ਪੰਜਾਬੀ ਮਿਹਨਤੀ, ਹਿੰਮਤੀ ਅਤੇ ਖਤਰੇ ਸਹੇੜਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ । ਜਦੋਂ ਵੀ ਇਨ੍ਹਾਂ ਨੂੰ ਕਿਸੇ ਨਵੀਂ ਥਾਂ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉਥੇ ਜਾਣ ਲਈ ਸਭ ਤੋਂ ਅੱਗੇ ਹੁੰਦੇ ਹਨ । ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਵੀ ਪੰਜਾਬੀਆਂ ਸਭ ਤੋਂ ਵਧ ਕੁਰਬਾਨੀਆਂ ਦਿੱਤੀਆਂ । ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਹੋਈ ਤੇ ਪੰਜਾਬੀਆਂ ਤੇ ਭਿਆਨਕ ਸੰਭਾਪ ਭੋਗਿਆ । ਪਾਕਿਸਤਾਨ ਵਾਲੇ ਪੰਜਾਬ ਵਿਚ ਕਿਸੇ ਹਿੰਦੂ ਜਾਂ ਸਿੱਖ ਦਾ ਰਹਿਣਾ ਮੁਸ਼ਕਿਲ ਹੋ ਗਿਆ ਤੇ ਇਸ ਪਾਸੇ ਮੁਸਲਮਾਨਾਂ ਨੂੰ ਘਰ ਬਾਰ ਛਡ ਕੇ ਜਾਣਾ ਪਿਆ । ਲੱਖਾਂ ਲੋਕ ਮਾਰੇ ਗਏ । ਔਰਤਾਂ ਦੀ ਇੱਜਤ ਲੁੱਟੀ ਗਈ ਤੇ ਸਭੋ ਕੁਝ ਲੁਟਾ ਕੇ ਖਾਲੀ ਹੱਥ ਆਉਣਾ ਪਿਆ । ਉਧਰੋਂ ਆਏ ਪੰਜਾਬੀਆਂ ਨੇ ਇਸ ਪਾਸੇ ਪੈਰ ਲਗਦਿਆਂ ਹੀ ਅੱਗੇ ਵਧਣਾ ਸ਼ੁਰੂ ਕੀਤਾ । ਖੇਤੀ ਦੇ ਨਵੇਂ ਢੰਗ ਤਰੀਕੇ, ਨਵੇਂ ਬੀਜ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਵਿਚ ਪੰਜਾਬੀਆਂ ਦੇਸ਼ ਦੀ ਅਗਵਾਈ ਕੀਤੀ । ਜਿਥੇ ਉਹ ਲੋੜ ਪੈਣ ਉੱਤੇ ਸਰਹੱਦਾਂ ਦੀ ਰਾਖੀ ਕਰਦੇ ਸਨ, ਉਥੇ ਭੁੱਖਮਰੀ ਨਾਲ ਜੂਝ ਰਹੇ ਦੇਸ਼ ਵਿਚ ਅਨਾਜ ਦੇ ਢੇਰ ਲਗਾ ਦਿੱਤੇ । ਜਿਸ ਨੂੰ ਹਰਾ ਇਨਕਲਾਬ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਅਤੇ ਪੰਜਾਬ ਵਿਚ ਖੁਸ਼ਹਾਲੀ ਆਈ । ਪਰੰਤੂ ਖੁਸ਼ਹਾਲੀ ਲਈ ਵੀ ਪੰਜਾਬੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ । ਆਈ ਖੁਸ਼ਹਾਲੀ ਨੇ ਵਿਉਪਾਰੀਆਂ ਨੂੰ ਆਪਣੇ ਵੱਲ ਖਿੱਚਿਆ । ਟ੍ਰੈਕਟਰ ਤੇ ਦੂਜੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਇਨ੍ਹਾਂ ਦੀ ਖਰੀਦ ਲਈ ਉਤਸਾਹਿਤ ਕੀਤਾ । ਜਿਸ ਨਾਲ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ । ਸਿੰਚਾਈ ਸਹੂਲਤਾਂ ਦੇ ਵਾਧੇ ਨਾਲ ਸਾਰੀ ਧਰਤੀ ਦੋ ਫਸਲੀ ਹੋ ਗਈ ਜਿਸ ਨਾਲ ਕਾਮਿਆਂ ਦੀ ਮੰਗ ਵਧੀ ਤੇ ਦੂਜੇ ਸੂਬਿਆਂ ਤੋਂ ਕਾਮੇ ਆਉਣ ਲਗੇ । ਪਹਿਲਾਂ ਉਹ ਫਸਲ ਦੀ ਲੁਆਈ ਅਤੇ ਵਾਢੀ ਸਮੇਂ ਹੀ ਆਉਂਦੇ ਸਨ ਮੁੜ ਉਹ ਟੱਬਰਾਂ ਸਮੇਤ ਆ ਕੇ ਇਥੇ ਹੀ ਰਹਿਣ ਲਗ ਪਏ । ਉਨ੍ਹਾਂ ਦੇ ਬੱਚਿਆਂ ਨੇ ਦੁਕਾਨਾਂ ਅਤੇ ਦਫਤਰਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ ਔਰਤਾਂ ਨੇ ਘਰਾਂ ਦਾ ਕੰਮ ਸੰਭਾਲ ਲਿਆ । ਹੁਣ ਘਰਾਂ ਅਤੇ ਖੇਤਾਂ ਦਾ ਬਹੁਤਾ ਕੰਮ ਇਹ ਲੋਕ ਹੀ ਕਰਦੇ ਹਨ । ਸ਼ਹਿਰਾਂ ਦੇ ਬਹੁਤੇ ਘਰਾਂ ਵਿਚ ਰੋਟੀ ਵੀ ਇਹ ਲੋਕ ਹੀ ਪਕਾਉਣ ਲਗ ਪਏ ਹਨ । ਇੰਝ ਪੰਜਾਬੀ ਹੌਲੀ ਹੌਲੀ ਕਿਰਤ ਤੋਂ ਦੂਰ ਹੋ ਰਹੇ ਹਨ । ਤਕਨੀਕੀ ਕੰਮ ਜਿਵੇਂ ਕਿ ਲੁਹਾਰਾ, ਤਰਖਾਣ, ਪਲੰਬਰ, ਰਾਜ ਮਿਰਤਰੀ ਆਦਿ ਕੰਮ ਦੀ ਹੌਲੀ ਹੌਲੀ ਇਨ੍ਹਾਂ ਹੀ ਸੰਭਾਲ ਲਏ ਹਨ । ਪੰਜਾਬ ਦੇ ਇਨ੍ਹਾਂ ਕਿੱਤਿਆਂ ਦੇ ਆਪਣੇ ਤੌਰ ਤਰੀਕੇ ਅਤੇ ਦਸਤਕਾਰੀ ਅਲੋਪ ਹੋ ਗਏ ਹਨ । ਵਿਦਿਆ ਦੇ ਵਿਉਪਾਰੀਆਂ ਨੇ ਥਾਂ ਥਾਂ ਅੰਗ੍ਰੇਜ਼ੀ ਸਕੂਲ ਖੋਲ੍ਹ ਲਏ । ਇਨ੍ਹਾਂ ਸਕੂਲਾਂ ਵਿਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲਗ ਪਏ ਹਨ । ਇਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖਤ ਮਨ੍ਹਾਂ ਹੈ । ਇੰਝ ਪੰਜਾਬੀ ਬੱਚੇ ਆਪਣੀ ਮਾਂਬੋਲੀ, ਆਪਣੇ ਇਤਿਹਾਸ, ਆਪਣੇ ਸਭਿਆਚਾਰ ਅਤੇ ਆਪਣੇ ਰਸਮੋ ਰਿਵਾਜਾਂ ਤੋਂ ਦੂਰ ਹੋ ਗਏ ਹਨ । ਬਜਾਰ ਕਪੜਿਆਂ, ਬਿਜਲੀ ਉਪਕਰਨਾਂ ਫਰਨੀਚਰ ਆਦਿ ਨਾਲ ਭਰ ਗਏ । ਪਿੰਡਾਂ ਵਿਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲਗ ਗਈਆਂ । ਘਰਾਂ ਵਿਚ ਚੱਕੀ, ਚੁੱਲ੍ਹੇ, ਚਰਖੇ, ਖਰੋਸ਼ੀਏ, ਸਲਾਈਆਂ ਆਦਿ ਅਲੋਪ ਹੋ ਗਈਆਂ , ਮੰਜੇ, ਪੀਹੜੀਆਂ, ਮੂੜੇ, ਦਰੀਆਂ, ਫੁਲਕਾਰੀਆਂ, ਛਿਕੂ, ਗੁੱਡੀਆਂ ਪਟੋਲੇ ਸਭੋ ਕੁਝ ਬੀਤੇ ਦੀਆਂ ਕਹਾਣੀਆਂ ਤਕ ਹੀ ਸੀਮਤ ਹੋ ਗਏ । ਆਪਸੀ ਭਾਈਚਾਰਾ, ਰਹਿਣ ਸਹਿਣ, ਰਸਮੋਂ ਰਿਵਾਜ ਸਭੋ ਕੁਝ ਬਦਲ ਗਿਆ । ਜਿਸ ਤੇਜੀ ਨਾਲ ਪੰਜਾਬੀ ਜੀਵਨ ਬਦਲਿਆ ਇਸ ਤੇਜੀ ਨਾਲ ਤਬਦੀਲੀ ਸ਼ਾਇਦ ਸੰਸਾਰ ਵਿਚ ਕਿਤੇ ਵੀ ਨਹੀਂ ਸੀ ਆਈ । ਨਵੀਂ ਪੀੜੀ ਨੂੰ ਜਦੋਂ ਅਸੀਂ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਾਂ ਤਾਂ ਉਨ੍ਹਾਂ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਜੇਹਾ ਵੀ ਕਦੇ ਸੀ ।

ਅਫਸੋਸ ਇਸ ਗਲ ਦਾ ਹੈ ਕਿ ਕਿਸੇ ਵੀ ਸਰਕਾਰ, ਸੰਸਥਾ ਜਾਂ ਧਾਰਮਿਕ ਆਗੂ ਨੇ ਆਪਣੇ ਵਿਰਸੇ ਦੀ ਸਾਂਭ ਸੰਭਾਲ ਵਲ ਬਿਲਕੁਲ ਧਿਆਨ ਨਹੀਂ ਦਿੱਤਾ । ਇੰਝ ਪੰਜਾਬੀ ਜੀਵਨ ਸਮਾਜਿਕ ਕਦਰਾਂ ਕੀਮਤਾਂ ਨੂੰ ਭੁੱਲ ਆਪ ਮੁਹਾਰਾ ਹੋ ਗਿਆ । ਇਸੇ ਕਰਕੇ ਮਿਹਨਤ, ਸੰਤੋਖ, ਭਾਈਚਾਰਾ, ਇਮਾਨਦਾਰੀ ਆਦਿ ਪੰਜਾਬੀਆਂ ਦੇ ਮੁੱਖ ਗੁਣ ਅਲੋਪ ਹੋ ਰਹੇ ਹਨ । ਕੁਝ ਪੰਜਾਬੀ ਪਿਆਰਿਆਂ ਨੇ ਆਪੋ ਆਪਣੀ ਪੱਧਰ ਉੱਤੇ ਪੰਜਾਬੀ ਵਿਰਸੇ ਦੀ ਸਾਂਭ ਸੰਭਾਲ ਦੇ ਯਤਨ ਕੀਤੇ ਹਨ । ਇਨ੍ਹਾਂ ਵਿਚ ਸਭ ਤੋਂ ਉੱਤੇ ਨਾਮ ਡਾ. ਮਹਿੰਦਰ ਸਿੰਘ ਰੰਧਾਵਾ ਦਾ ਆਉਂਦਾ ਹੈ । ਉਨ੍ਹਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਇਕ ਅਜਾਇਬ ਘਰ ਦੀ ਉਸਾਰੀ ਕਰਵਾਈ ਜਿਸ ਵਿਚ ਪੁਰਾਣੇ ਪੰਜਾਬ ਦੀ ਝਲਕ ਦਿਖਾਉਣ ਦਾ ਯਤਨ ਕੀਤਾ ਗਿਆ ਹੈ । ਉਨ੍ਹਾਂ ਪੰਜਾਬ ਦੇ ਲੋਕਗੀਤ ਇਕੱਠੇ ਕਰਵਾਏ, ਲੋਕ ਕਲਾਵਾਂ ਤੇ ਕਲਾਕਾਰਾਂ ਨੂੰ ਉਤਸਾਹਿਤ ਕੀਤਾ । ਪੰਜਾਬ ਦਾ ਮਾਣ ਚੂਪਣ ਵਾਲੇ ਅੰਬਾਂ ਦੀਆਂ ਕਿਸਮਾਂ ਇਕੱਠੀਆਂ ਕਰਕੇ ਇਨ੍ਹਾਂ ਨੂੰ ਅਲੋਪ ਹੋਣ ਤੋਂ ਬਚਾਇਆ । ਰਵਾਇਤੀ ਰੁੱਖਾਂ ਤੇ ਫਲਾਂ ਵਾਲੇ ਬੂਟਿਆਂ ਦੀ ਸੰਭਾਲ ਕੀਤੀ ।



ਡਾ. ਰਣਜੀਤ ਸਿੰਘ

ਹੁਣ ਵੀ ਕਈ ਸਭਿਆਚਾਰ ਪ੍ਰੇਮੀ ਆਪੋ ਆਪਣੀ ਪੱਧਰ ਦੀ ਅਲੋਪ ਹੋ ਰਹੀ ਕਿਸੇ ਨਾ ਕਿਸੇ ਕਲਾ ਜਾਂ ਹੁਨਰ ਨੂੰ ਸੰਭਾਲਣ ਦਾ ਯਤਨ ਕਰ ਰਹੇ ਹਨ । ਇਨ੍ਹਾਂ ਵਿਚੋਂ ਇਕ ਹਨ ਪ੍ਰੋਫੈਸਰ (ਡਾ.) ਜਗਦੀਸ਼ ਕੌਰ । ਇਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਪੰਜਾਬੀ ਦੇ ਪ੍ਰੋਫੈਸਰ ਹਨ । ਉਹ ਆਪਣੇ ਵਿਭਾਗ ਅਤੇ ਸੰਚਾਰ ਕੇਂਦਰ ਦੇ ਵੀ ਮੁਖੀ ਰਹੇ ਹਨ । ਪੰਜਾਬ ਔਰਤਾਂ ਦੀਆਂ ਸਭ ਤੋਂ ਹਰਮਨ ਪਿਆਰੀਆਂ ਦੋ ਕਲਾਵਾਂ ਸਨ । ਫੁਲਕਾਰੀ ਦੀ ਕਢਾਈ ਅਤੇ ਦਰੀਆਂ ਦੀ ਬੁਣਾਈ । ਗਰਮੀਆਂ ਦੀਆਂ ਲੰਬੀਆਂ ਦੁਪਹਿਰਾਂ ਅਤੇ ਸਰਦੀਆਂ ਦੀਆਂ ਲੰਬੀਆਂ ਰਾਤਾਂ ਨੂੰ ਕਿਸੇ ਘਰ ਦੇ ਦਲਾਨ ਵਿਚ ਅੱਡਾ ਲਾ ਕੇ ਦਰੀਆਂ ਦੀ ਬੁਣਾਈ ਕੀਤੀ ਜਾਂਦੀ ਸੀ । ਕੁੜੀਆਂ ਆਪਣੇ ਦਾਜ ਲਈ ਵਧੀਆ ਤੋਂ ਵਧੀਆ ਨਮੂਨੇ ਪਾ ਕੇ ਰੰਗ ਬਿਰੰਗੇ ਧਾਗਿਆਂ ਨਾਲ ਬੁਣਾਈ ਕਰਦੀਆਂ ਸਨ । ਦਰੀਆਂ ਬੁਨਣ ਲਈ ਆਪਣੇ ਖੇਤੋਂ ਚੁਗੀ ਕਪਾਹ ਦੀ ਬਿਲਾਈ ਅਤੇ ਪਿੰਜਾਈ ਕਰਕੇ ਪੂਣੀਆਂ ਵੱਟ ਚਰਖੇ ਤੇ ਕਤਾਈ ਕੀਤੀ ਜਾਂਦੀ ਸੀ । ਮੁੜ ਅਟੇਰਨ ਤੋਂ ਅਟੇਰ ਧਾਗੇ ਦੀਆਂ ਅਟੀਆਂ ਬਣਾਈਆਂ ਜਾਂਦੀਆਂ ਸਨ । ਇਨ੍ਹਾਂ ਨੂੰ ਵੱਖ-ਵੱਖਰੇ ਰੰਗਾਂ ਵਿਚ ਰੰਗਿਆਂ ਵੀ ਘਰ ਹੀ ਜਾਂਦਾ ਸੀ । ਪਿਛਲੀ ਸਦੀ ਤਕ ਘਰ ਵਿਚ ਦਰੀ ਦੀ ਬਹੁਤ ਮਹੱਤਤਾ ਸੀ । ਆਏ ਗਏ ਅਤੇ ਪ੍ਰਾਹੁਣਿਆਂ ਦੇ ਬੈਠਣ ਲਈ ਸੋਫੇ ਜਾਂ ਕੁਰਸੀਆਂ ਨਹੀਂ ਸਨ ਸਗੋਂ ਮੰਜਿਆਂ ਉੱਤੇ ਹੀ ਬੈਠਿਆ ਜਾਂਦਾ ਸੀ । ਅਲਾਣੀ ਮੰਜੀ ਉੱਤੇ ਬੈਠਣਾ ਚੰਗਾ ਨਹੀਂ ਮੰਨਿਆ ਜਾਂਦਾ ਸਗੋਂ ਬੈਠਨ ਲਈ ਪਹਿਲਾਂ ਮੰਜੇ ਉੱਤੇ ਦਰੀ ਵਿਛਾਈ ਜਾਂਦੀ ਸੀ । ਮੰਜਿਆਂ ਉੱਤੇ ਸੌਣ ਵਾਲੇ ਬਿਸਤਰਿਆਂ ਦਾ ਦਰੀ ਜਰੂਰੀ ਅੰਗ ਸੀ । ਹੁਣ ਪਲੰਘਾਂ ਉੱਤੇ ਦਰੀਆਂ ਦੀ ਥਾਂ ਗੱਦੇ ਵਿਛਾਏ ਜਾਂਦੇ ਹਨ । ਬਹੁਤ ਘਟ ਘਰ ਅਜੇਹੇ ਹਨ ਜਿਨ੍ਹਾਂ ਨੇ ਅਜੇ ਵੀ ਪੇਟੀਆਂ ਵਿਚ ਦਾਜ ਵਿਚ ਆਈਆਂ ਦਰੀਆਂ ਸਾਂਭ ਕੇ ਰੱਖੀਆਂ ਹੋਈਆਂ ਹਨ । ਬਹੁਤੇ ਘਰਾਂ ਨੇ ਦਰੀਆਂ ਧਾਰਮਿਕ ਸਥਾਨਾਂ ਨੂੰ ਦਾਨ ਕਰ ਦਿੱਤੀਆਂ ਹਨ ਜਾਂ ਆਪਣੇ ਕਾਮਿਆਂ ਨੂੰ ਦੇ ਦਿੱਤੀਆਂ ਹਨ ।

ਜਗਦੀਸ਼ ਦੱਸਦੀ ਹੈ ਕਿ ਲੁਧਿਆਣੇ ਨੇੜੇ ਸਥਿਤ ਗੁਰਦਵਾਰਾ ਕਟਾਣਾ ਸਾਹਿਬ ਵਿਖੇ ਦਰਸ਼ਨਾਂ ਨੂੰ ਗਈ । ਪੈਰ ਪਾਣੀ ਤਾਂ ਦਰੀ ਦੀ ਛੂਹ ਨੇ ਠੰਡੇ ਪਾਣੀ ਵਿਚ ਆਸਰਾ ਦਿੱਤਾ । ਅਗੇ ਪੈਰ ਸੁਕਾਉਣ ਲਈ ਫੇਰ ਦਰੀਆਂ ਵਿਛੀਆਂ ਹੋਈਆਂ ਸਨ । ਸੋਹਣੇ ਸੋਹਣੇ ਨਮੂਨਿਆਂ ਵਾਲੀਆਂ, ਮਨ ਉਸੇ ਵੇਲੇ ਭਰ ਆਇਆ ਜਦੋਂ ਇਕ ਵੱਡੇ ਸਾਰੇ ਡਸਟਬਿਨ ਵਿਚ ਗਿੱਲੀਆਂ ਦਰੀਆਂ ਪਈਆਂ ਦਿਸੀਆਂ । ਲੋਕਾਂ ਕਲ ਦਰੀਆਂ ਪੇਟੀਆਂ ਵਿਚ ਦਹਾਕਿਆਂ ਤੋਂ ਸਾਂਭੀਆਂ ਪਈਆਂ ਹਨ । ਹੁਣ ਜਦੋਂ ਇਨ੍ਹਾਂ ਦੀ ਲੋੜ ਨਹੀਂ ਰਹੀ ਜਾਂ ਸਾਂਭਣ ਵਾਲੇ ਅਗਲੇ ਦੇਸ਼ ਦੀ ਯਾਤਰਾ ਤੇ ਹਨ ਤਾਂ ਉਹ ਆਪਣੀਆਂ ਅਤਿ ਪਿਆਰੀਆਂ ਵਸਤਾਂ ਸ਼ਰਧਾ ਨਾਲ ਇੱਥੇ ਲੈ ਜਾਂਦੇ ਹਨ । ਕਟਾਣਾ ਸਾਹਿਬ ਗੁਰਦਵਾਰੇ ਵਿਚ ਲਗਭਗ ਰੋਜ਼ 15-20 ਦਰੀਆ ਚੜ੍ਹਦੀਆਂ ਹਨ ।

ਡਾ. ਜਗਦੀਸ਼ ਨੇ ਜਿਸ ਨੂੰ ਪੰਜਾਬੀ ਬੋਲੀ ਅਤੇ ਸਭਿਆਚਾਰ ਨਾਲ ਅਥਾਹ ਲਗਾਵ ਹੈ ਸੋਚਣਾ ਸ਼ੁਰੂ ਕੀਤਾ ਕਿ ਇਸ ਅਲੋਪ ਹੋ ਰਹੀ ਕਲਾਂ ਨੂੰ ਕਿਵੇਂ ਸੰਭਾਲਿਆ ਜਾਵੇ । ਉਹ ਤਾ ਚਾਹੁੰਦੀ ਸੀ ਕਿ ਪਿੰਡ ਪਿੰਡ ਜਾ ਕੇ ਵੱਖ ਵੱਖਰੇ ਨਮੂਨੇ ਅਤੇ ਕਲਾ ਕ੍ਰਿਤਾਂ ਵਾਲੀਆਂ ਦਰੀਆਂ ਇਕੱਠੀਆਂ ਕੀਤੀਆਂ ਜਾਣ ਤੇ ਇਨ੍ਹਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇ । ਸ਼ਾਇਦ ਇਹ ਇਕੱਲੇ ਲਈ ਮੁਸ਼ਕਿਲ ਸੀ ਪਰ ਉਸ ਪਿੰਡਾਂ ਵਿਚ ਜਾ ਕੇ ਵੱਖ ਵੱਖਰੇ ਨਮੂਨਿਆਂ ਦੀਆਂ ਦਰੀਆਂ ਦੀਆਂ ਮੂਰਤਾਂ ਖਿੱਚਣ ਬਾਰੇ ਸੋਚਿਆ ਤਾਂ ਜੋ ਕਿਸੇ ਸੁੰਦਰ ਕਿਤਾਬ ਦੇ ਰੂਪ ਵਿਚ ਇਨ੍ਹਾਂ ਨੂੰ ਸੰਭਾਲਿਆ ਜਾ ਸਕੇ । ਉਸ ਆਪਣੀ ਖੋਜ ਲੁਧਿਆਣਾ ਜ਼ਿਲ੍ਹੇ ਤੋਂ ਸ਼ੁਰੂ ਕੀਤੀ ਅਤੇ ਹੌਲੀ ਹੌਲੀ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਨੂੰ ਗਾਹਿਆ । ਪਿੰਡਾਂ ਵਿਚ ਜਾ ਕੇ ਉਸ ਨੇ ਬੀਬੀਆਂ ਬਾਰੇ ਪਤਾ ਕੀਤਾ, ਜਿਨ੍ਹਾਂ ਹੱਥੀਂ ਦਰੀਆਂ ਬੁਣੀਆਂ ਸਨ ਅਤੇ ਦਰੀਆਂ ਨੂੰ ਆਪਣੇ ਕੈਮਰੇ ਵਿਚ ਬੰਦ ਕੀਤਾ । ਇਨ੍ਹਾਂ ਸੁਆਣੀਆਂ ਦੀਆਂ ਕਹਾਣੀਆਂ ਨੂੰ ਵੀ ਕਲਮਬੱਧ ਕੀਤਾ । ਉਸ ਆਪਣੀ ਖੋਜ ਵਿਚ ਸੈਂਕੜੇ ਦਰੀਆਂ ਨੂੰ ਵੇਖਿਆ ਤੇ ਉਨ੍ਹਾਂ ਨੂੰ ਨਿਖੇੜਿਆ ਜਿਨ੍ਹਾਂ ਵਿਚੋਂ ਕਲਾ ਝਲਕਾਂ ਮਾਰਦੀ ਸੀ ਜਾਂ ਬੁਣਨ ਵਾਲੀ ਦੀ ਆਪਣੀ ਵੇਦਨਾ ਦੀ ਕਹਾਣੀ ਸੀ । ਕੁਝ ਦਰੀਆਂ ਵਿਚੋਂ ਸਮੇਂ ਦਿਆਂ ਸਮਾਜੀ, ਧਾਰਮਿਕ ਕ੍ਰਿਆਤਮਿਕ ਅਤੇ ਰਾਜਨੀਤਕ ਗਤੀਵਿਧੀਆਂ ਦੀ ਝਲਕ ਮਿਲਦੀ ਸੀ । ਇਨ੍ਹਾਂ ਦਰੀਆਂ ਨੂੰ ਉਨ੍ਹਾਂ ਦੇ ਵਿਸ਼ਿਆਂ ਆਧਾਰਿਤ 16 ਗਰੁੱਪਾਂ ਵਿਚ ਵੰਡਿਆ ਜਿਵੇਂ ਕਿ ਉਹ ਦਰੀਆਂ ਜਿਨ੍ਹਾਂ ਉੱਤੇ ਕੁਦਰਤ ਅਤੇ ਬਨਸਪਤੀ ਜੜੀ ਹੋਈ ਸੀ । ਕੀਟ ਪੰਛੀ ਅਤੇ ਜਨੌਰ ਦੀਆਂ ਮੂਰਤਾਂ, ਖੇਤੀ ਨਾਲ ਸੰਬੰਧਿਤ ਫੁੱਲ, ਫਲ, ਸਬਜ਼ੀਆਂ, ਮੁਰੱਬੇਬੰਦੀ ਦਰਸਾਉਂਦੀਆਂ ਕਲਾ ਕ੍ਰਿਤਾਂ, ਇਵੇਂ ਹੀ ਸਮਾਜਿਕ ਆਲਾ ਦੁਆਲਾ, ਪਾਣੀ ਆਵਾਜਾਈ ਦੇ ਸਾਧਨ, ਹਾਰ ਸ਼ਿੰਗਾਰ, ਗੀਤ ਸੰਗੀਤ ਆਧਾਰਿਤ ਨਮੂਨੇ, ਮਿਥਿਹਾਸ ਤੇ ਕਿੱਸੇ ਕਹਾਣੀਆਂ, ਅਸਲ, ਖੇਡ ਖਿਡੌਣੇ ਤੇ ਹੋਰ ਬਹੁਤ ਕੁਝ । ਦਰੀ ਬਾਰੇ ਨਵਤੇਜ ਭਾਰਤੀ ਲਿਖਦਾ ਹੈ ਕਿ ਦਰੀ ਪਿੰਡ ਦਾ ਹੀ ਨਹੀਂ ਸਾਡੇ ਪਰਿਆਵਰਣ ਦਾ ਵੀ ਤਾਣਾ ਪੇਟਾ ਸੀ । ਪਿੰਡ ਦੇ ਬਿਰਖ, ਬੂਟੇ, ਚਿੜੀਆਂ, ਜੰਗਲ ਸਾਡੇ ਫੇਫੜੇ, ਪਵਨ ਗੁਰੂ, ਪਾਣੀ ਪਿਤਾ ਤੇ ਧਰਮੀ ਮਾਂ ਸੀ । ਇਨ੍ਹਾਂ ਦੀ ਪੂਜਾ ਅੰਧ ਵਿਸ਼ਵਾਸ ਨਹੀਂ ਸੀ, ਸਾਨੂੰ ਜਿਉਂਦਾ ਰੱਖਣ ਲਈ ਇਨ੍ਹਾਂ ਦਾ ਧੰਨਵਾਦ ਸੀ । ਦਰੀ ਵੀ ਇਸ ਧੰਨਵਾਦ ਦੀ ਭਾਸ਼ਾ ਸੀ । ਪੰਜਾਬੀ ਸਮਾਜ ਵਿਚ ਦਰੀ ਬੁਣਨਾ ਘਰ ਦੀਆਂ ਸੁਆਣੀਆਂ, ਲਈ ਨਿੱਤ ਦੇ ਰੁਝੇਵੇਂ ਦਾ ਹਿੱਸਾ ਹੁੰਦੀ ਸੀ । ਦਰੀ, ਧੀ ਦੇ ਦਾਜ ਵਿਚ ਗਹਿਣਿਆਂ ਵਾਂਗ ਦਿੱਤੀ ਜਾਂਦੀ ਸੀ । ਜਗਦੀਸ਼ ਨੇ ਔਰਤ ਦੀ ਦਰੀਆਂ ਵਾਲੀ ਪੇਟੀ ਫਰੋਲਣ ਦਾ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ ਕਿਉਂਕਿ ਦਰੀ ਇਕ ਯੁੱਗ ਦੀ ਅਮੀਰ, ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਕ ਸਰੋਕਾਰਾਂ ਦੀ ਬਾਤ ਪਾਉਂਦੀ ਹੈ । ਉਸ ਦੇ ਕਹਿਣ ਅਨੁਸਾਰ ਇਹ ਕਾਰਜ, ਦਰੀਆਂ ਦੀ ਇਸ ਸ਼ਾਨਦਾਰ ਵਿਰਾਸਤ, ਪਰੰਪਰਾ ਅਤੇ ਔਰਤ ਦੇ ਸੁਹਜ ਸੰਘਰਸ਼ ਨੂੰ ਸਲਾਮ ਕਰਨ ਦਾ ਨਿੱਕਾ ਜਿਹਾ ਯਤਨ ਹੈ ਜਿਸ ਵਿਚ ਦਰੀ, ਔਰਤ ਦਾ ਹੀ ਪ੍ਰਤੀਕ ਬਣ ਗਈ ਹੈ ਪਰ ਜਗਦੀਸ਼ ਦੀ ਇਹ ਕ੍ਰਿਤ ਦਰੀਆਂ ਵਾਲੀ ਪੇਟੀ ਨਿੱਕਾ ਨਹੀਂ ਸਗੋਂ ਪੰਜਾਬ ਦੀ ਵਿਸਰ ਰਹੀ ਕਲਾ ਨੂੰ ਸੰਭਾਲਣ ਅਤੇ ਉਸ ਰਾਹੀਂ ਦਰਸਾਇਆ ਗਿਆ ਪੰਜਾਬੀ ਵਿਰਸਾ ਇਕ ਮਹਾਨ ਕਾਰਜ ਹੈ ।



# ਪੀ.ਏ.ਯੂ. ਦੀ ਵਾਟਰ ਰੀਚਾਰਜਿੰਗ ਤਕਨੀਕ ਕਾਰਗਰ

ਪਾਣੀ ਦਾ ਪੱਧਰ ਸੁਧਾਰਨ ਵਿਚ ਅਹਿਮ ਯੋਗਦਾਨ ਪਾ ਰਹੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ ਨੇ ਜ਼ਮੀਨ ਹੇਠਲੇ ਪਾਣੀ ਨੂੰ ਰੀਚਾਰਜ਼ ਕਰਨ ਲਈ ਵਾਟਰ ਰੀਚਾਰਜਿੰਗ ਤਕਨੀਕ ਵਿਕਸਤ ਕੀਤੀ ਹੈ ਜੋ ਬਾਰਿਸ਼ ਦਾ ਪਾਣੀ ਸੰਭਾਲਣ 'ਚ ਬੇਹੱਦ ਲਾਹੇਵੰਦ ਹੈ ਜਿਸ ਵਿਚ ਛੱਤ ਰਾਹੀਂ ਬਾਰਿਸ਼ ਦੇ ਪਾਣੀ ਦੀ ਸੰਭਾਲ, ਖੇਤੀਬਾੜੀ ਦੇ ਵਹਾਅ ਨੂੰ ਰੀਚਾਰਜ ਕਰਨਾ, ਪੁਰਾਣੇ ਖੂਹਾਂ ਦੀ ਵਰਤੋਂ ਕਰਕੇ ਵਾਧੂ ਨਹਿਰੀ ਪਾਣੀ ਇਕੱਠਾ ਕਰਨਾ, ਝੋਨੇ ਦੇ ਖੇਤ ਦੀਆਂ ਵੱਟਾਂ ਦੀ ਉੱਚਾਈ ਵਧਾ ਕੇ ਬਾਰਿਸ਼ ਦੇ ਪਾਣੀ ਦਾ ਰੀਚਾਰਜ ਅਤੇ ਪਿੰਡਾਂ ਦੇ ਛੱਪੜਾਂ ਦਾ ਨਵੀਨੀਕਰਨ ਕਰਨਾ ਆਦਿ ਸ਼ਾਮਲ ਹਨ। ਜਿਕਰਯੋਗ ਹੈ ਕਿ ਪ੍ਰਾਚੀਨ ਕਾਲ 'ਚ ਬਰਸਾਤਾਂ ਵਿਚ ਜਦੋਂ ਨਦੀਆਂ ਦਾ ਪਾਣੀ ਉੱਛਲਦਾ ਸੀ ਤਾਂ ਵਾਧੂ ਪਾਣੀ ਨੂੰ ਕਿਨਾਰਿਆਂ ਨੇੜੇ ਬਣਾਈਆਂ ਬਾਉਲੀਆਂ, ਜਲਗਾਹਾਂ, ਖੂਹਾਂ ਅਤੇ ਤਲਾਬਾਂ ਆਦਿ ਵਿਚ ਸਮੇਟ ਲਿਆ ਜਾਂਦਾ ਸੀ।



## ਬਾਇਓ ਰਿਟੈਨਸ਼ਨ ਸੈਲ 'ਤੇ ਵੀ ਹੋ ਰਿਹਾ ਕਾਰਜ

ਡਾ. ਜੁਗਰਾਜ ਸਿੰਘ ਨੇ ਦੱਸਿਆ ਕਿ ਪਾਣੀ ਦਾ ਪੱਧਰ ਸੁਧਾਰਨ ਵਿਚ ਜਿੱਥੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦਾ ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ ਅਹਿਮ ਯੋਗਦਾਨ ਪਾ ਰਿਹਾ ਹੈ। ਉੱਥੇ ਬਾਇਓ ਰਿਟੈਨਸ਼ਨ ਸੈੱਲ 'ਤੇ ਵੀ ਕਾਰਜ ਹੋ ਰਿਹਾ ਹੈ ਜਿਸ ਦਾ ਮਕਸਦ ਸੜਕਾਂ ਤੇ ਖੜ੍ਹੇ ਪਾਣੀ ਨੂੰ ਸਾਂਭਣਾ ਹੈ। ਸੜਕਾਂ ਤੇ ਇਕੱਠੇ ਹੋਏ ਪਾਣੀ ਨੂੰ ਸਾਂਭਣ ਨਾਲ ਕਈ ਬਿਮਾਰੀਆਂ ਦਾ ਵੀ ਖਾਤਮਾ ਹੋਵੇਗਾ। ਜਿਥੇ ਵੀ ਪਾਣੀ ਸੰਭਾਲਿਆ ਜਾ ਸਕੇ ਉੱਥੇ ਹਰੇਕ ਨੂੰ ਪਾਣੀ ਸੰਭਾਲ ਕੇ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਪਾਣੀ ਸੰਭਾਲਣ ਦੇ ਨਾਲ ਨਾਲ ਪਾਣੀ ਨੂੰ ਬਚਾਉਣਾ ਵੀ ਸਾਡੀ ਜ਼ਿੰਮੇਵਾਰੀ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਬਗੈਰ ਲੋੜ ਤੋਂ ਕਿਸੇ ਵੀ ਫਸਲ ਨੂੰ ਪਾਣੀ ਨਾ ਲਾਉਣ। ਤੁਪਕੇ ਸਿੰਚਾਈ ਵਿਧੀ ਨੂੰ ਵੀ ਅਪਣਾਇਆ ਜਾ ਸਕਦਾ ਹੈ। ਡਾ. ਜੁਗਰਾਜ ਨੇ ਕਿਹਾ ਕਿ ਜਿਨ੍ਹਾਂ ਫਸਲਾਂ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ, ਉਨ੍ਹਾਂ ਫਸਲਾਂ ਨੂੰ ਵੱਧ ਤੋਂ ਵੱਧ ਉਗਾਉਣਾ ਚਾਹੀਦਾ ਹੈ ਤਾਂ ਜੋ ਪਾਣੀ ਦੀ ਬੱਚਤ ਹੋ ਸਕੇ। ਪਾਣੀ ਨੂੰ ਬਚਾਉਣ ਅਤੇ ਸੰਭਾਲਣ ਸਬੰਧੀ ਕਿਸਾਨ ਪੀ.ਏ.ਯੂ. ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰ ਸਕਦੇ ਹਨ। ਵਾਟਰ ਰੀਚਾਰਜਿੰਗ ਤਕਨੀਕ ਲਈ ਧਰਤੀ ਹੇਠਾਂ ਕਿੰਨੇ ਫੁੱਟ ਬੋਰ ਕੀਤਾ ਜਾਂਦਾ ਹੈ, ਇਸ ਦੇ ਜਵਾਬ ਵਿਚ ਡਾ. ਜੁਗਰਾਜ ਸਿੰਘ ਨੇ ਕਿਹਾ ਕਿ ਜਿੱਥੇ ਸੁੱਕਾ ਰੇਤਾ ਮਿਲ ਜਾਵੇ ਉੱਥੇ ਤੱਕ ਬੋਰ ਕਰਨਾ ਲੋੜੀਂਦਾ ਹੁੰਦਾ ਹੈ।

## ਪਾਣੀ ਦੇ ਰੀਚਾਰਜਿੰਗ ਸਮੇਂ ਗੰਦੇ ਪਾਣੀ ਨੂੰ ਧਰਤੀ ਹੇਠ ਨਹੀਂ ਸੁੱਟਣਾ ਚਾਹੀਦਾ

ਪੀ. ਏ. ਯੂ. ਦੇ ਮਾਹਿਰਾਂ ਅਨੁਸਾਰ ਕਿਸਾਨ ਸਿੱਧੇ ਤੌਰ 'ਤੇਆਪਣੇ ਖੇਤ ਦਾ ਰੇੜੂ ਪਾਣੀ, ਬੋਰ, ਖੂਹ ਜਾਂ ਸਬਮਰਸੀਬਲ ਬੋਰਾਂ ਵੱਲ ਮੋੜ ਰਹੇ ਹਨ। ਝੋਨੇ ਦੇ ਖੇਤ ਵਿਚ ਕਹੀ ਖੇਤੀ ਰਸਾਇਣ ਤੇ ਸੂਖਮ ਜੀਵ-ਜੰਤੂ ਆਦਿ ਮੌਜੂਦ ਹਨ। ਜੇ ਅਸੀਂ ਇਸ ਕਿਸਮ ਦੇ ਪਾਣੀ ਨੂੰ ਸ਼ੁੱਧ ਧਰਤੀ ਹੇਠਲੇ ਪਾਣੀ ਵਿਚ ਸਿੱਧਾ ਰੀਚਾਰਜ ਕਰਦੇ ਹਾਂ ਤਾਂ ਅਸੀਂ ਸ਼ੁੱਧ ਪਾਣੀ ਨੂੰ ਵੀ ਦੂਸ਼ਿਤ ਕਰ ਲਵਾਂਗੇ। ਧਰਤੀ ਹੇਠਲੇ ਦੂਸ਼ਿਤ ਪਾਣੀ ਨੂੰ ਸ਼ੁੱਧ ਕਰਨ ਲਈ ਸਾਰੇ ਯਤਨਾਂ ਦੀ ਲੋੜ ਪਵੇਗੀ ਜਾਂ ਕਹਿ ਲਈਏ ਕਿ ਇਸ ਦਾ ਮੁੱੜ ਸ਼ੁੱਧ ਕਰਨਾ ਮੁਸ਼ਕਲ ਹੈ। ਧਰਤੀ ਹੇਠਲੇ ਪਾਣੀ ਦਾ ਰੀਚਾਰਜ ਕਰਨਾ ਮਹੱਤਵਪੂਰਨ ਹੈ ਕਿਉਂਕਿ ਇਹ ਧਰਤੀ ਹੇਠਲੇ ਪਾਣੀ ਦੀ ਉਪਲੱਬਧਤਾ ਨੂੰ ਵਧਾਏਗਾ ਪਰ ਗੰਦੇ ਪਾਣੀ ਨੂੰ ਧਰਤੀ ਹੇਠ ਨਹੀਂ ਸੁੱਟਣਾ ਚਾਹੀਦਾ। ਖੇਤਾਂ ਦਾ ਵਾਧੂ ਪਾਣੀ ਸਬਮਰਸੀਬਲ ਬੋਰ ਵੱਲ ਮੋੜਨ ਨਾਲ ਪੰਪ ਦੀ ਸਮਰੱਥਾ 'ਤੇ ਮਾੜਾ ਅਸਰ ਪਵੇਗਾ। ਇਸ ਲਈ ਧਰਤੀ ਹੇਠਲੇ ਪਾਣੀ ਦੇ ਰੀਚਾਰਜਿੰਗ ਤਕਨੀਕ ਨੂੰ ਅਪਣਾਉਂਦੇ ਸਮੇਂ ਸਾਨੂੰ ਵਧੇਰੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ।

## ਵਾਟਰ ਰੀਚਾਰਜਿੰਗ ਤਕਨੀਕ ਦਾ ਕਾਰਜ ਧਰਤੀ ਉਪਰਲੇ ਪਾਣੀ ਨੂੰ ਜ਼ਮੀਨਦੋਜ਼ ਕਰਨਾ : ਡਾ. ਜੁਗਰਾਜ ਸਿੰਘ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਭੂਮੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ ਵੱਲੋਂ ਵਿਕਸਤ ਕੀਤੀ ਗਈ ਵਾਟਰ ਰੀਚਾਜਿੰਗ ਤਕਨੀਕ ਨੂੰ ਈਜ਼ਾਦ ਕਰਨ ਵਿਚ ਡਾ. ਜੁਗਰਾਜ ਸਿੰਘ ਮਰੋਕ, ਪ੍ਰਿੰਸੀਪਲ ਸਾਇੰਟਿਸਟ ਪੀਏਯੂ ਲੁਧਿਆਣਾ, ਮਾਹਿਰ ਰਾਜਨ ਅਗਰਵਾਲ, ਸਮਨਪ੍ਰੀਤ ਕੌਰ ਅਤੇ ਸੰਜੇ ਸੱਤਪੁਤੇ ਦੇ ਯੋਗਦਾਨ ਹੈ ਡਾ. ਜੁਗਰਾਜ ਸਿੰਘ ਮਰੋਕ, ਪ੍ਰਿੰਸੀਪਲ ਸਾਇੰਟਿਸਟ ਪੀ.ਏ.ਯੂ. ਲੁਧਿਆਣਾ ਨੇ ਕਿਹਾ ਕਿ ਪਾਣੀ ਦੇ ਲਗਾਤਾਰ ਘੱਟ ਰਹੇ ਪੱਧਰ ਨੂੰ ਰੋਕਣਾ ਜ਼ਰੂਰੀ ਹੈ। ਵਾਟਰ ਰੀਚਾਰਜਿੰਗ ਤਕਨੀਕ ਦਾ ਮੁੱਖ ਕਾਰਜ ਧਰਤੀ ਉਪਰਲੇ ਪਾਣੀ ਨੂੰ ਜ਼ਮੀਨਦੋਜ਼ ਕਰਨਾ ਹੈ। ਇਸ ਤਕਨੀਕ ਨਾਲ ਛੱਤਾਂ ਰਾਹੀਂ ਬਾਰਿਸ਼ ਦੇ ਪਾਣੀ ਦੀ ਸੰਭਾਲ ਕੀਤੀ ਜਾ ਸਕਦੀ ਹੈ। ਇਹ ਤਕਨੀਕ ਵਿਦਿਅਕ ਸੰਸਥਾਨਾਂ, ਧਾਰਮਿਕ ਸਥਾਨਾਂ, ਮੈਰਿਜ ਪੈਲੇਸਾਂ, ਕਮਿਊਨਿਟੀ ਸੈਂਟਰਾਂ ਅਤੇ ਉਦਯੋਗਿਕ ਕੰਪਲੈਕਸਾਂ ਵਿਚ ਆਸਾਨੀ ਨਾਲ ਅਪਣਾਈ ਜਾ ਸਕਦੀ ਹੈ।

ਬਾਕੀ ਸਫਾ 7 ਦੀ

# ਗੰਡੋਆ ਖਾਦ : ਮਿੱਟੀ ਸੁਧਾਰ ਅਤੇ ਰੁਜ਼ਗਾਰ ਲਈ ਢੁੱਕਵਾਂ ਤਰੀਕਾ

ਅਤੇ ਖੇਤੀ ਮੁਨਾਫੇ ਵਿਚ ਵਾਧਾ ਹੋ ਸਕਦਾ ਹੈ। ਇਸ ਨਾਲ ਆਰਥਿਕ ਵਿਕਾਸ ਵਿਚ ਹੋਰ ਯੋਗਦਾਨ ਪਾਇਆ ਜਾ ਸਕਦਾ ਹੈ।

**ਵਿਧੀ** : ਪੀਏਯੂ ਨੇ ਪਰਾਲੀ 'ਤੇ ਆਧਾਰਿਤ ਉਤਪਾਦਨ ਤਕਨੀਕ ਦੀ ਸਿਫਾਰਸ਼ ਕੀਤੀ ਹੈ। ਇਸ ਤਕਨੀਕ ਅਨੁਸਾਰ -

**ਬੈੱਡਾਂ ਲਈ ਜਗ੍ਹਾਂ ਦੀ ਚੋਣ ਅਤੇ ਉਸਾਰੀ** : ਵਰਮੀਕੰਪੋਸਟ ਬੈੱਡਾਂ ਦੀ ਉਸਾਰੀ ਲਈ ਢੁੱਕਵੇਂ ਸਥਾਨ ਦੀ ਚੋਣ ਕਰੋ। ਸਾਈਟ ਤਰਜੀਹੀ ਤੌਰ 'ਤੇ ਨੀਵੇਂ ਇਲਾਕਿਆਂ 'ਤੇ ਨਹੀਂ ਹੋਣੀ ਚਾਹੀਦੀ ਜਿੱਥੇ ਪਾਣੀ ਖੜ੍ਹਨ ਦੀ ਸਮੱਸਿਆ ਹੋ ਸਕਦੀ ਹੈ ਖਾਸ ਕਰ ਬਰਸਾਤ ਦੇ ਮੌਸਮ ਦੌਰਾਨ। ਇਹ ਤਰਜੀਹੀ ਤੌਰ 'ਤੇ ਡੇਅਰੀ ਫਾਰਮ ਦੇ ਨੇੜੇ ਹੋਣਾ ਚਾਹੀਦਾ ਹੈ ਜਿਸ ਨਾਲ ਬੈੱਡਾਂ ਦੀ ਭਰਾਈ ਲਈ ਲੇਬਰ ਲਾਗਤ ਨੂੰ ਘਟਾਇਆ ਜਾ ਸਕਦਾ ਹੈ। ਇਹ ਜਗ੍ਹਾ ਪਹੁੰਚਯੋਗ ਹੋਣੀ ਚਾਹੀਦੀ ਹੈ ਜਿੱਥੋਂ ਤੱਕ ਤਿਆਰ ਖਾਦ ਨੂੰ ਟਰੈਕਟਰ ਟਰਾਲੀ ਜਾਂ ਹੋਰ ਵਾਹਨਾਂ ਦੀ ਵਰਤੋਂ ਜਾਂ ਵਿਕਰੀ ਲਈ ਚੁੱਕਿਆ ਜਾ ਸਕਦਾ ਹੈ। ਇੱਟਾਂ ਦੀ ਵਰਤੋਂ ਕਰ ਕੇ 3 ਮੀਟਰ (ਚੌੜਾਈ) × 2 ਮੀਟਰ (ਉਚਾਈ) ਦੇ ਮਾਪ ਦੇ ਬੈੱਡ ਤਿਆਰ ਕੀਤੇ ਜਾ ਸਕਦੇ ਹਨ। ਇਨ੍ਹਾਂ ਦੀ ਲੰਬਾਈ ਉਪਲਬਧ ਜਗ੍ਹਾ ਅਨੁਸਾਰ ਵੱਧ-ਘੱਟ ਹੋ ਸਕਦੀ ਹੈ। ਬੈੱਡਾਂ ਵਿੱਚੋਂ ਗੋਹੇ ਦੇ ਰਿਸਾਅ ਨੂੰ ਰੋਕਣ ਲਈ ਇਨ੍ਹਾਂ ਬੈੱਡਾਂ ਦਾ ਫਰਸ਼ ਪੱਕਾ ਹੋਣਾ ਚਾਹੀਦਾ ਹੈ ਤੇ ਅੰਦਰਲੇ ਪਾਸਿਓਂ ਪਲੱਸਤਰ ਜਾਂ ਟੀਪ ਹੋਣਾ ਚਾਹੀਦਾ ਹੈ। ਇਨ੍ਹਾਂ ਬੈੱਡਾਂ ਦੇ ਫਰਸ਼ ਨੂੰ ਢਲਾਣ ਵਿਚ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਵਧੇਰੇ ਪਾਏ ਗਏ ਪਾਣੀ ਦਾ ਨਿਕਾਸ ਹੋ ਸਕੇ। ਜ਼ਿਆਦਾ ਪਾਣੀ ਇਕੱਠਾ ਕਰਨ ਲਈ ਬੈੱਡ ਦੇ ਇੱਕ ਕੋਨੇ 'ਤੇ ਡਰੇਨੇਜ ਪਾਈਪ ਲਗਾਈ ਜਾ ਸਕਦੀ ਹੈ।

**ਕੱਚਾ ਮਾਲ** : ਵਰਮੀਕੰਪੋਸਟ ਨੂੰ ਪਸ਼ੂਆਂ ਦੇ ਗੋਬਰ ਅਤੇ ਕਈ ਪ੍ਰਕਾਰ ਦੀ ਜੈਵਿਕ ਰਹਿੰਦ-ਖੂੰਹਦ ਤੋਂ ਤਿਆਰ ਕੀਤਾ ਜਾ ਸਕਦਾ ਹੈ ਪਰ ਪੰਜਾਬ ਵਿਚ ਪਰਾਲੀ ਭਰਪੂਰ ਮਾਤਰਾ ਵਿਚ ਉਪਲਬਧ ਹੈ ਜਿਸ ਦੀ ਵਰਤੋਂ ਸੁਖਾਲੀ ਤੇ ਸਸਤੀ ਪੈਂਦੀ ਹੈ। ਇਸ ਲਈ ਪੀ ਏ ਯੂ ਨੇ ਪਰਾਲੀ ਅਤੇ ਪਸ਼ੂਆਂ ਦੇ ਗੋਬਰ ਨੂੰ 1 : 1 ਦੇ ਅਨੁਪਾਤ ਵਿਚ ਸਿਫਾਰਸ਼ ਕੀਤੀ ਹੈ।

**ਬੈੱਡਾਂ ਨੂੰ ਭਰਨਾ** : ਤਰਜੀਹੀ ਤੌਰ 'ਤੇ ਕੱਟੀ ਪਰਾਲੀ ਨੂੰ ਬੈੱਡ ਦੀ ਅੱਧੀ ਉੱਚਾਈ ਤੱਕ ਭਰਿਆ ਜਾਂਦਾ ਹੈ। ਸੁੱਕੀ ਪਰਾਲੀ ਦੀ ਨਮੀ ਦੇ ਪੱਧਰ ਨੂੰ 70-80 ਫੀਸਦੀ ਤੱਕ ਵਧਾਉਣ ਲਈ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਫਿਰ ਗੋਬਰ ਨੂੰ ਬੈੱਡਾਂ ਦੇ ਉਪਰਲੇ ਪੱਧਰ ਲਈ ਭਰਿਆ ਜਾਂਦਾ ਹੈ। ਜੇ ਗੋਹਾ ਪਹਿਲਾਂ ਹੀ (7-10 ਦਿਨ) ਪੁਰਾਣਾ ਹੈ ਤਾਂ ਭਰਨ ਤੋਂ ਤੁਰੰਤ ਬਾਅਦ ਇਨ੍ਹਾਂ ਬੈੱਡਾਂ ਵਿਚ ਗੰਡੋਏ ਪਾਏ ਜਾ ਸਕਦੇ ਹਨ ਨਹੀਂ ਤਾਂ 7-10 ਦਿਨਾਂ ਤੱਕ ਇੰਤਜ਼ਾਰ ਕਰਨਾ ਪਏਗਾ ਕਿਉਂਕਿ ਸ਼ੁਰੂ ਵਿਚ ਗੋਹੇ ਵਿੱਚੋਂ ਨਿਕਲਣ ਵਾਲੀ ਅਮੋਨੀਆ ਗੈਰ ਦੀ ਵਧੇਰੇ ਮਾਤਰਾ ਗੰਡੋਇਆਂ ਲਈ ਨੁਕਸਾਨਦੇਹ ਹੁੰਦੀ ਹੈ।

**ਗੰਡੋਇਆਂ ਦੀ ਚੋਣ ਅਤੇ ਮਾਤਰਾ** : ਵੱਖ-ਵੱਖ ਕਿਸਮਾਂ ਦੇ ਗੰਡੋਏ ਉਪਲਬਧ ਹਨ ਪਰ ਲਾਲ ਵਿਗਲਰ (ਆਈਸੇਨੀਆ ਫੈਟੀਡਾ) ਤੇਜ਼ ਪ੍ਰਜਣਨ, ਪਰਿਵਰਤਨਸ਼ੀਲ ਜਲਵਾਯੂ ਸਥਿਤੀਆਂ ਨੂੰ ਸਹਿਣ ਲਈ ਬਿਹਤਰ ਦਰ ਅਤੇ ਜੈਵਿਕ ਪਦਾਰਥਾਂ ਦੇ ਤੇਜ਼ੀ ਨਾਲ ਵਿਘਟਨ ਲਈ ਸਭ ਤੋਂ ਵਧੀਆ ਹੁੰਦੇ ਹਨ। ਛੱਤੀ ਘਣ ਫੁੱਟ ਕੱਚੇ ਮਾਲ ਲਈ ਇਕ ਕਿਲੋਗ੍ਰਾਮ ਗੰਡੋਏ



ਕਾਫੀ ਹੁੰਦੇ ਹਨ। ਆਮ ਤੌਰ 'ਤੇ ਗੰਡੋਆ ਖਾਦ ਤਿਆਰ ਹੋਣ ਦਾ ਚੱਕਰ ਪਾਏ ਗਏ ਗੰਡੋਇਆਂ ਦੀ ਮਾਤਰਾ ਦੇ ਉਲਟ ਅਨੁਪਾਤੀ ਹੁੰਦਾ ਹੈ ਅਰਥਾਤ ਜ਼ਿਆਦਾ ਗੰਡੋਏ ਤੇ ਛੋਟਾ ਉਤਪਾਦਨ ਚੱਕਰ ਪਰ ਉਨ੍ਹਾਂ ਦੇ ਪਰਸਪਰ ਮੁਕਾਬਲੇ ਨੂੰ ਘਟਾਉਣ ਅਤੇ ਗੰਡੋਇਆਂ ਦੇ ਉਤਪਾਦਨ ਨੂੰ ਵਧਾਉਣ ਲਈ ਸਿਫਾਰਸ਼ ਕੀਤੀ ਮਾਤਰਾ ਪਾਉਣੀ ਚਾਹੀਦੀ ਹੈ।

**ਖਾਦ ਬਣਾਉਣ ਦੀ ਪ੍ਰਕਿਰਿਆ** : ਸਫਲਤਾਪੂਰਵਕ ਵਰਮੀਕੰਪੋਸਟਿੰਗ ਲਈ ਨਮੀ ਅਤੇ ਛਾਂ ਦੋ ਪ੍ਰਮੁੱਖ ਕਾਰਕ ਹਨ। ਨਮੀਂ ਬਣਾਈ ਰੱਖਣ ਲਈ ਬੈੱਡਾਂ ਨੂੰ ਮੌਸਮ ਅਨੁਸਾਰ ਵਾਸ਼ਪੀਕਰਨ ਦਰ ਦੇ ਅਨੁਸਾਰ ਪਾਣੀ ਨਾਲ ਛਿੜਕਾਅ ਕੀਤਾ ਜਾਣਾ ਚਾਹੀਦਾ ਹੈ। ਪਾਣੀ ਦਾ ਛਿੜਕਾਅ ਕਰਨ ਲਈ ਨਿਯਮ ਇਹ ਹੈ ਕਿ ਬੈੱਡਾਂ ਦੀ ਸਮੱਗਰੀ ਹੱਥਾਂ ਨੂੰ ਗਿੱਲੀ ਮਹਿਸੂਸ ਹੋਵੇ ਪਰ ਡਰੇਨੇਜ ਪਾਈਪ ਤੋਂ ਜ਼ਿਆਦਾ ਪਾਣੀ ਰਿਸਾਅ ਨਾ ਹੋਵੇ। ਬੈੱਡਾਂ ਨੂੰ ਮੀਂਹ ਤੋਂ ਬਚਾਉਣ ਲਈ ਢੁੱਕਵੇਂ ਪਰ ਘੱਟ ਲਾਗਤ ਵਾਲੇ ਸ਼ੈੱਡ ਬਣਾਉਣੇ ਚਾਹੀਦੇ ਹਨ। ਬੈੱਡ ਵਿਚ ਬਹੁਤ ਜ਼ਿਆਦਾ ਪਾਣੀ ਦੇ ਨਤੀਜੇ ਵਜੋਂ ਖੁਰਾਕੀ ਤੱਤ ਪਾਣੀ ਦੇ ਨਾਲ ਬਾਹਰ ਨਿਕਲ ਜਾਂਦੇ ਹਨ ਅਤੇ ਬੈੱਡਾਂ ਵਿਚ ਹਵਾ ਦੀ ਅਣਹੋਂਦ ਕਾਰਨ ਗੰਡੋਇਆਂ ਦੇ ਵਿਕਾਸ 'ਤੇ ਵੀ ਮਾੜਾ ਅਸਰ ਪੈਂਦਾ ਹੈ। ਛਾਂ ਬਣਾਈ ਰੱਖਣ ਲਈ ਪੁਰਾਣਾ ਜੂਟ ਦਾ ਬਾਰਦਾਨਾ ਸਭ ਤੋਂ ਵਧੀਆ ਵਿਕਲਪ ਹੈ ਪਰ ਜੇ ਉਪਲਬਧ ਨਹੀਂ ਤਾਂ ਬੈੱਡ ਦੇ ਉੱਪਰ ਪਰਾਲੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰਾਲੀ ਨੂੰ ਇਕ ਪਤਲੀ ਪਰਤ ਵਿਚ ਵਿਛਾਉ ਤਾਂ ਜੋ ਪਾਣੀ ਪਾਉਣ ਵਿਚ ਰੁਕਾਵਟ ਨਾ ਪਵੇ।

**ਵਰਮੀਕੰਪੋਸਟ ਅਲੱਗ ਕਰਨਾ ਤੇ ਭੰਡਾਰਨ** : ਅੰਤਿਮ ਉਤਪਾਦ ਦੀ ਪਛਾਣ ਗੰਧ ਰਹਿਤ ਦਾਣੇਦਾਰ ਭੂਰੇ ਰੰਗ ਦੀ ਸਮੱਗਰੀ ਦੁਆਰਾ ਕੀਤੀ ਜਾ ਸਕਦੀ ਹੈ। ਅਗਲਾ ਕੰਮ ਗੰਡੋਇਆਂ ਨੂੰ ਤਿਆਰ ਵਰਮੀਕੰਪੋਸਟ ਤੋਂ ਵੱਖ ਕਰਨਾ ਹੈ। ਇਸ ਕੰਮ ਲਈ ਉਪਰਲੀ ਮਲਚ ਨੂੰ ਹਟਾਉ ਤੇ ਪਾਣੀ ਪਾਉਣਾ ਬੰਦ ਕਰ ਦਿਉ ਅਤੇ ਵਰਮੀਕੰਪੋਸਟ ਦੇ ਛੋਟੇ ਢੇਰ ਬਣਾਓ। ਵਧੇਰੇ ਰੋਸ਼ਨੀ ਅਤੇ ਨਮੀ ਦੀ ਅਣਹੋਂਦ ਕਾਰਨ ਗੰਡੋਏ ਹੇਠਾਂ ਵੱਲ ਦੀ ਚਲੇ ਜਾਣਗੇ। ਵਰਮੀਕੰਪੋਸਟ ਨੂੰ ਚਾਰ ਮਿਲੀਮੀਟਰ ਆਕਾਰ ਦੀ ਛਾਣਨੀ ਦੀ ਵਰਤੋਂ ਕਰ ਕੇ ਛਾਣਿਆ ਜਾ ਸਕਦਾ ਹੈ ਤਾਂ ਜੋ ਕੱਚਾ ਜੈਵਿਕ ਪਦਾਰਥ ਅਤੇ ਰਹਿੰਦੇ ਗੰਡੋਏ ਅਲੱਗ ਕੀਤੇ ਜਾ ਸਕਣ। ਤਿਆਰ ਖਾਦ ਨੂੰ ਵਰਮੀਕੰਪੋਸਟ ਨੂੰ ਢੁਕਵੇਂ ਆਕਾਰ ਦੇ ਬੈਗਾਂ ਵਿਚ ਪੈਕ ਕਰੋ। ਵਰਤੋਂ ਜਾਂ ਵਿਕਰੀ ਤੱਕ ਇਨ੍ਹਾਂ ਬੋਰਿਆਂ ਨੂੰ ਠੰਢੀ, ਖੁਸ਼ਕ ਅਤੇ ਛਾਂਦਾਰ ਜਗ੍ਹਾ 'ਤੇ ਭੰਡਾਰ ਕਰੋ।

13 ਅਤੇ 14 ਸਤੰਬਰ, 2024 ਨੂੰ ਪੀ.ਏ.ਯੂ., ਲੁਧਿਆਣਾ ਕਿਸਾਨ ਮੇਲੇ ਵਿੱਚ ਪਹੁੰਚੇ ਕਿਸਾਨ ਵੀਰਾਂ ਦਾ ਸਵਾਗਤ

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ

ਖੇਤੀ ਦੁਨੀਆਂ

ਸੰਪੂਰਨ ਖੇਤੀਬਾੜੀ ਹਫਤਾਵਾਰੀ

ਇੱਕ ਸਾਲ ਵਿੱਚ 52 ਅੰਕ

ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ 400 ਰੁਪਏ

ਦੋ ਸਾਲ 700 ਰੁਪਏ

ਤਿੰਨ ਸਾਲ 1000 ਰੁਪਏ

ਗਿਫਟ ਡਾਇਰੀ+ਬੈਗ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575



# ਰੁੱਖ ਲਾਉਣ ਦੀ ਕਸਕ



ਜਨਮੇਜਾ ਸਿੰਘ ਜੌਹਲ
ਮੋ. 98159-45018

ਅੱਜਕਲ੍ਹ ਹਰ ਇਕ ਬੰਦਾ ਦੇਖਾ ਦੇਖੀ ਰੁੱਖ ਲਾਉਣਾ ਚਾਹੁੰਦਾ ਹੈ, ਉਹ ਚਾਹੁੰਦਾ ਹੈ ਕਿ ਸਾਡਾ ਵਾਤਾਵਰਨ ਠੀਕ ਹੋਵੇ, ਅਸੀਂ ਜੋ ਪਿਛਲੇ ਸਮੇਂ 'ਚ ਗਲਤੀਆਂ ਕੀਤੀਆਂ ਹਨ, ਉਨ੍ਹਾਂ ਦਾ ਜਿਹੜਾ ਖਮਿਆਜ਼ਾ ਸਾਨੂੰ ਭੁਗਤਣਾ ਪੈ ਰਿਹਾ ਹੈ, ਉਸ ਦਾ ਕਿਸੇ ਤਰੀਕੇ ਬਚਾਅ ਹੋਵੇ। ਇਸ ਲਈ ਉਹ ਚਾਹੁੰਦਾ ਹੈ ਕਿ ਉਹ ਰੁੱਖ ਲਾਵੇ। ਪਰ ਇਸ ਦੇਖਾ ਦੇਖੀ 'ਚ ਬਹੁਤ ਸਾਰੇ ਉਹ ਲੋਕ ਹਨ, ਜੋ ਸਿਰਫ ਇਸ ਤੋਂ ਜਾਤੀ ਪ੍ਰਚਾਰ ਦਾ ਹੀ ਕੰਮ ਲੈਣਾ ਚਾਹੁੰਦੇ ਹਨ। ਉਹ ਰੁੱਖ ਲਾ ਤਾਂ ਦਿੰਦੇ ਹਨ, ਪਰ ਰੁੱਖਾਂ ਦੀ ਸੰਭਾਲ ਨਹੀਂ ਕਰਦੇ। ਉਹ ਇਹ ਭੁੱਲ ਜਾਂਦੇ ਹਨ ਕਿ ਰੁੱਖ ਵੀ ਬੱਚਿਆਂ ਵਾਂਗ ਪਾਲਣੇ ਪੈਂਦੇ ਹਨ, ਜਿਵੇਂ ਇਕ ਬੱਚਾ ਪਾਲਣ ਲਈ ਪੂਰੀ ਮਿਹਨਤ ਕਰਨੀ ਪੈਂਦੀ ਹੈ, ਇਵੇਂ ਹੀ ਰੁੱਖਾਂ ਨੂੰ ਪਾਲਣਾ ਪੈਂਦਾ ਹੈ। ਲੋਕ ਕਾਹਲੀ ਕਰਦੇ ਹਨ, ਜੁਲਾਈ 'ਚ ਹੀ ਬੂਟੇ ਲਾਉਣੇ ਸ਼ੁਰੂ ਕਰ ਦਿੰਦੇ ਹਨ, ਜੋ ਕਿ ਬਿਲਕੁਲ ਗਲਤ ਹੈ। ਜੁਲਾਈ 'ਚ ਹਾਲੇ ਧਰਤੀ ਵੀ ਠੰਢੀ ਨਹੀਂ ਹੋਈ ਹੁੰਦੀ ਅਤੇ ਨਾ ਹੀ ਮੌਸਮ ਠੰਢਾ ਹੋਇਆ ਹੁੰਦਾ ਹੈ। ਇਸ ਤਰ੍ਹਾਂ ਜਿਹੜੇ ਰੁੱਖ ਜੁਲਾਈ 'ਚ ਲਾਏ ਜਾਂਦੇ ਹਨ, ਉਨ੍ਹਾਂ ਦੇ ਮਰਨ ਦੇ ਜ਼ੋਖਮ ਬਹੁਤ ਵਧ ਜਾਂਦੇ ਹਨ। ਰੁੱਖ ਹਮੇਸ਼ਾ ਹੀ ਅਗਸਤ ਦੇ ਅੰਤ ਜਾਂ ਸਤੰਬਰ 'ਚ ਲਾਉਣੇ ਚਾਹੀਦੇ ਹਨ। ਉਸ ਵੇਲੇ ਧਰਤੀ ਵੀ ਠੰਢੀ ਹੁੰਦੀ ਹੈ ਅਤੇ ਮੌਸਮ ਵੀ ਠੰਢਾ ਹੁੰਦਾ ਹੈ। ਦੂਸਰੀ ਗੱਲ ਯਾਦ ਰੱਖਣ ਦੀ ਆ ਕੇ ਐਵੇਂ ਹੀ ਜਿਹੜੇ ਮਰਜ਼ੀ ਰੁੱਖ ਨਹੀਂ ਲਾ ਦੇਣੇ ਚਾਹੀਦੇ। ਇਨ੍ਹਾਂ ਦਾ ਅਸੂਲ ਹੈ, ਜਿਹੜੇ ਰੁੱਖਾਂ ਦੇ ਪੱਤੇ ਨਹੀਂ ਝੜਦੇ ਹਨ, ਉਹ ਇਸ ਮੌਸਮ 'ਚ ਲਗਦੇ ਹਨ। ਜਿਨ੍ਹਾਂ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ, ਉਹ ਜਨਵਰੀ-ਫਰਵਰੀ 'ਚ ਲਾਉਣੇ ਚਾਹੀਦੇ ਹਨ। ਇਨ੍ਹਾਂ ਗੱਲਾਂ ਦਾ ਖਿਆਲ ਰੱਖੋਗੇ, ਤਾਂ ਤੁਹਾਡੀ ਕੀਤੀ ਹੋਈ ਮਿਹਨਤ ਰੰਗ ਵੀ ਲਿਆਏਗੀ ਅਤੇ ਵਾਤਾਵਰਨ 'ਚ ਸੁਧਾਰ ਵੀ ਕਰੇਗੀ। ਐਵੇਂ ਤਸਵੀਰ ਖਿਚਾਉਣ ਖਾਤਰ ਇਨ੍ਹਾਂ ਕੰਮਾਂ 'ਚ ਨਾ ਪਓ ਤੇ ਨਾ ਹੀ ਇਹ ਸੋਚੋ ਕਿ ਅਸੀਂ 200 ਲਗਾਉਣਾ, ਹਜ਼ਾਰ ਲਗਾਉਣਾ ਜਾਂ 10 ਹਜ਼ਾਰ ਜਾਂ ਲੱਖ ਲਗਾਉਣਾ। ਬੱਸ ਭਾਵੇਂ ਇਕ ਰੁੱਖ ਹੀ ਲਗਾਓ, ਪਰ ਉਸ ਨੂੰ ਇਹ ਸਮਝੋ ਕਿ ਤੁਹਾਡੇ ਘਰ ਇਕ ਧੀ ਜੰਮ ਪਈ ਹੈ ਅਤੇ ਹੁਣ ਉਸ ਦੀ ਆਪਾਂ ਪਾਲਣਾ ਕਰਨੀ ਹੈ।

# ਬਰਸਾਤ ਦੇ ਮੌਸਮ ਵਿੱਚ ਮੱਛੀ ਪਾਲਣ ਲਈ ਯੋਗ ਪ੍ਰਬੰਧ



ਸਾਹਿਲ, ਪ੍ਰਬਜੀਤ ਸਿੰਘ ਅਤੇ ਪ੍ਰਬਜਿੰਦਰ ਸਿੰਘ

ਪਿਛਲੇ ਸਾਲਾਂ ਤੋਂ ਆ ਰਹੀਆਂ ਮੌਸਮੀ ਤਬਦੀਲੀਆਂ ਕਾਰਨ ਵਾਤਾਵਰਨ ਵਿੱਚ ਕਈ ਬਦਲਾਅ ਆ ਰਹੇ ਹਨ। ਸਾਲ ਵਿੱਚ ਕਈ ਵਾਰ ਸੋਕਾ ਪੈ ਜਾਂਦਾ ਹੈ ਅਤੇ ਕਈ ਵਾਰ ਥੋੜ੍ਹੇ ਸਮੇਂ ਵਿੱਚ ਹੀ ਜ਼ਿਆਦਾ ਵਰਖਾ ਹੋ ਜਾਂਦੀ ਹੈ। ਇਸ ਨਾਲ ਜਿੱਥੇ ਫ਼ਸਲਾਂ ਦੇ ਝਾੜ ਵਿੱਚ ਤਬਦੀਲੀ ਆ ਰਹੀ ਹੈ, ਉਥੇ ਹੀ ਪਸ਼ੂ-



ਪਾਲਣ ਅਤੇ ਮੱਛੀ ਪਾਲਣ ਦੇ ਕਿੱਤੇ ਵਿੱਚ ਵੀ ਇਸ ਦਾ ਅਸਰ ਵੇਖਿਆ ਗਿਆ ਹੈ।

ਮੌਸਮ ਵਿੱਚ ਤਬਦੀਲੀ ਆਉਣ ਕਾਰਨ ਹੜ੍ਹ ਅਤੇ ਸੋਕੇ ਸਮੇਂ ਮੱਛੀ ਪਾਲਕਾਂ ਨੂੰ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਕਿ ਹੜ੍ਹ ਵਾਲੇ ਖੇਤਰ ਵਿੱਚ ਪਾਣੀ ਦਾ ਪੱਧਰ ਵੱਧ ਜਾਣ ਕਰਕੇ ਮੱਛੀਆਂ ਦਾ ਗੁਆਚ ਜਾਣਾ, ਬੰਨ੍ਹ ਦੇ ਟੁੱਟ ਜਾਣ ਨਾਲ ਨਹਿਰੀ ਪਾਣੀ ਰਾਹੀਂ ਹੋਰ ਪ੍ਰਜਾਤੀਆਂ ਦਾ ਤਲਾਅ ਵਿੱਚ ਆ ਜਾਣਾ ਅਤੇ ਨਾਲ ਹੀ ਪਾਣੀ ਦੀ ਗੁਣਵੱਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕਈ ਵਾਰ ਬੰਨ੍ਹ ਦੇ ਖੁਰ ਜਾਣ ਨਾਲ ਪਾਣੀ ਗੰਦਲਾ ਹੋ ਜਾਂਦਾ ਹੈ ਅਤੇ ਜਿਸ ਕਰਕੇ ਸੂਰਜ ਦੀਆਂ ਕਿਰਨਾਂ ਤਲਾਬ ਦੇ ਤਲ ਤੱਕ ਨਹੀਂ ਪਹੁੰਚ ਪਾਉਂਦੀਆਂ ਅਤੇ ਪ੍ਰਕਾਸ਼ ਦੀ ਕਮੀ ਕਾਰਨ ਪਾਣੀ ਵਿੱਚ ਘੁਲੀ ਹੋਈ ਆਕਸੀਜਨ ਦੀ ਮਾਤਰਾ ਘਟ ਜਾਂਦੀ ਹੈ। ਬਰਸਾਤੀ ਪਾਣੀ ਪੈ ਜਾਣ ਨਾਲ ਪਾਣੀ ਦੀ ਪੀ. ਐਚ. (ਖਾਰਾ ਅੰਗ) ਘੱਟ ਹੋ ਜਾਂਦਾ ਹੈ, ਇਸ ਦਾ ਮੱਛੀ ਦੇ ਵਿਕਾਸ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਇਸ ਨਾਲ ਮੱਛੀ ਦੀ ਪੈਦਾਵਾਰ ਘਟਦੀ ਹੈ। ਇਸ ਤੋਂ ਬਚਣ ਦੇ ਉਪਾਅ :

ਬਰਸਾਤ ਦੇ ਮੌਸਮ ਦੌਰਾਨ ਤਲਾਬ ਨੂੰ ਨੱਕੋ-ਨੱਕ ਨਾ ਭਰੋ, ਪਾਣੀ ਦੀ ਸਤ੍ਹਾ ਤੋਂ ਉੱਪਰ 1.5-2.0 ਫੁੱਟ ਥਾਂ ਖਾਲੀ ਰੱਖੋ, ਤਾਂ ਜੋ ਤਲਾਅ ਨੂੰ ਬਰਸਾਤੀ ਪਾਣੀ ਨਾਲ ਓਵਰਫਲੋ (ਉਛਲਣ) ਤੋਂ ਬਚਾਇਆ ਜਾ ਸਕੇ। ਤਲਾਅ ਦੇ ਬੰਨ੍ਹਾਂ ਨੂੰ ਖੁਰ ਜਾਣ ਤੋਂ ਅਤੇ ਬਰਸਾਤ ਵਾਲਾ ਪਾਣੀ ਤਲਾਬ ਵਿੱਚ ਆਉਣ ਤੋਂ ਰੋਕਣ ਲਈ ਬੰਨ੍ਹਿਆਂ ਨੂੰ ਆਲੇ-ਦੁਆਲੇ ਦੇ ਇਲਾਕੇ ਦੀ ਜ਼ਮੀਨ ਤੋਂ ਥੋੜ੍ਹਾ ਉੱਚਾ ਬਣਾਓ।

ਕਈ ਵਾਰ ਜ਼ਿਆਦਾ ਬਰਸਾਤ ਕਾਰਨ ਜੇਕਰ ਪਾਣੀ ਦਾ ਰੰਗ ਬਦਲ ਜਾਵੇ (ਪਾਣੀ ਰੰਗਹੀਣ ਜਾਂ ਹਰੇ ਤੋਂ ਭੂਰਾ), ਤਾਂ ਇਸ ਦਾ ਮਤਲਬ ਹੈ ਕਿ ਤਲਾਅ ਵਿੱਚ ਪਲੈਂਕਟਨ (ਮੱਛੀ ਦੀ ਕੁਦਰਤੀ ਖੁਰਾਕ) ਖਤਮ ਹੋ ਗਏ ਹਨ, ਅਜਿਹੀ ਸਥਿਤੀ ਤੋਂ ਬਚਣ ਲਈ ਤਲਾਅ ਵਿੱਚ ਕਿਸੇ ਵੀ ਤਰ੍ਹਾਂ ਦੀ ਖਾਦ ਅਤੇ ਖੁਰਾਕ ਦੀ ਵਰਤੋਂ ਬੰਦ ਕਰ ਦਿਓ ਅਤੇ ਤਲਾਅ ਵਿੱਚ ਤਾਜ਼ਾ ਪਾਣੀ ਛੱਡ ਦਿਓ।

ਇਸ ਤੋਂ ਇਲਾਵਾ ਕੁਝ ਹੋਰ ਖਾਸ ਗੱਲਾਂ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ, ਜਿਵੇਂ ਕਿ ਬਰਸਾਤੀ ਮੌਸਮ ਦੌਰਾਨ ਲਗਾਤਾਰ ਬੱਦਲਵਾਈ ਦੀ ਸੂਰਤ ਵਿੱਚ ਮੱਛੀ ਨੂੰ ਖੁਰਾਕ ਪਾਉਣੀ ਬੰਦ ਕਰ ਦਿਉ, ਪਾਣੀ ਦੀ ਗੁਣਵੱਤਾ ਨੂੰ ਠੀਕ ਰੱਖਣ ਲਈ ਤਲਾਅ ਵਿੱਚ ਤਾਜ਼ਾ ਪਾਣੀ ਛੱਡਦੇ ਰਹੋ।

## ਵਧੇਰੇ ਮੁਨਾਫ਼ੇ ਲਈ

# ਅਗੇਤੇ ਮਟਰ ਬੀਜਣ ਦੇ ਨੁਕਤੇ

ਰਜਿੰਦਰ ਕੁਮਾਰ ਢੱਲ, ਹੀਰਾ ਸਿੰਘ ਅਤੇ ਤਰਸੇਮ ਸਿੰਘ ਢਿੱਲੋਂ

**ਮਟਰ ਠੰਢੇ ਮੌਸਮ ਦੀ ਮੁੱਖ ਫ਼ਸਲ ਹੈ। ਪੰਜਾਬ ਵਿੱਚ ਮਟਰਾਂ ਹੇਠ 43.88 ਹਜ਼ਾਰ ਹੈਕਟੇਅਰ ਰਕਬਾ ਹੈ, ਜਿਸ ਵਿੱਚੋਂ 467.0 ਹਜ਼ਾਰ ਟਨ ਪੈਦਾਵਾਰ ਹੁੰਦੀ ਹੈ। ਇਸ ਵਿੱਚ ਖੁਰਾਕੀ ਤੱਤ ਜਿਵੇਂ ਕਿ ਪ੍ਰੋਟੀਨ, ਕਾਰਬੋਹਾਈਡ੍ਰੇਟ ਅਤੇ ਵਿਟਾਮਿਨ ਏ ਅਤੇ ਸੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਮਟਰਾਂ ਦੀ ਅਗੇਤੀ ਬਿਜਾਈ ਬਹੁਤ ਹੀ ਲਾਹੇਵੰਦ ਧੰਦਾ ਹੈ, ਕਿਉਂਕਿ ਅਗੇਤੀ ਫ਼ਸਲ ਦਾ ਮੰਡੀ ਵਿੱਚ ਜ਼ਿਆਦਾ ਮੁੱਲ ਮਿਲਦਾ ਹੈ। ਅਗੇਤੇ ਮਟਰ ਥੋੜ੍ਹੇ ਸਮੇਂ ਦੀ ਫ਼ਸਲ ਹੋਣ ਕਰਕੇ ਵੱਖ-ਵੱਖ ਫ਼ਸਲੀ ਚੱਕਰ ਲਈ ਬਹੁਤ ਢੁੱਕਵੀਂ ਹੈ। ਠੀਕ ਵਾਧੇ ਲਈ ਮਟਰ ਨੂੰ 20 ਤੋਂ 25 ਡਿਗਰੀ ਸੈਂਟੀਗਰੇਡ ਤਾਪਮਾਨ ਦੀ ਲੋੜ ਹੁੰਦੀ ਹੈ। ਜੇਕਰ ਤਾਪਮਾਨ 30 ਡਿਗਰੀ ਸੈਂਟੀਗਰੇਡ ਤੋਂ ਵੱਧ ਜਾਵੇ ਤਾਂ ਬੂਟੇ ਉਗਣ ਸਮੇਂ ਹੀ ਮਰ ਜਾਂਦੇ ਹਨ। ਜੇਕਰ ਫ਼ਸਲ ਵਧਣ ਸਮੇਂ ਤਾਪਮਾਨ ਜ਼ਿਆਦਾ ਰਹੇ ਤਾਂ ਉਖੇੜਾ ਅਤੇ ਤਣੇ ਦੀ ਮੱਖੀ ਫ਼ਸਲ ਵਿੱਚ ਬੂਟਿਆਂ ਦੀ ਗਿਣਤੀ ਘਟਾ ਕੇ ਪੈਦਾਵਾਰ ਵਿੱਚ ਨੁਕਸਾਨ ਕਰਦੀ ਹੈ। ਇਸ ਲਈ ਮਟਰਾਂ ਦੀ ਫ਼ਸਲ ਉਸ ਇਲਾਕੇ ਵਿੱਚ ਹੀ ਚੰਗੀ ਹੋ ਸਕਦੀ ਹੈ, ਜਿੱਥੇ ਗਰਮੀ ਤੋਂ ਸਰਦੀ ਰੁੱਤ ਦਾ ਬਦਲਾਅ ਸਹਿਜੇ ਹੁੰਦਾ ਹੈ।**



**ਅਗੇਤੀਆਂ ਕਿਸਮਾਂ**

**ਮਟਰ ਅਗੇਤਾ-7** : ਇਸ ਦੇ ਬੂਟੇ ਛੇਤੀ ਵਧਣ ਵਾਲੇ ਹੁੰਦੇ ਹਨ। ਹਰ ਬੂਟੇ 'ਤੇ 15-18 ਭਰਵੀਆਂ ਫਲੀਆਂ ਲੱਗਦੀਆਂ ਹਨ ਅਤੇ ਹਰ ਫਲੀ ਵਿੱਚ 7-9 ਦਾਣੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (9.5 ਸੈਂਟੀਮੀਟਰ) ਅਤੇ ਸਿਰੇ ਤੋਂ ਥੋੜ੍ਹੀਆਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜਿਆਂ ਵਿੱਚ ਲੱਗਦੀਆਂ ਹਨ। ਇਸ ਦੀਆਂ ਫਲੀਆਂ ਵਿੱਚੋਂ ਲਗਭਗ 48 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਹ ਅਗੇਤੀ ਕਿਸਮ ਹੈ ਅਤੇ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 32 ਕੁਇੰਟਲ ਪ੍ਰਤੀ ਏਕੜ ਹੈ।

**ਏ. ਪੀ.-3** : ਇਹ ਅਗੇਤੀ ਕਿਸਮ ਹੈ ਅਤੇ ਇਸ ਦੇ ਬੂਟੇ ਮੱਧਰੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (8.85 ਸੈਂਟੀਮੀਟਰ) ਅਤੇ ਸਿਰੇ ਤੋਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜਿਆਂ ਵਿੱਚ ਲੱਗਦੀਆਂ ਹਨ। ਹਰ ਫਲੀ ਵਿੱਚ 7-8 ਦਾਣੇ ਹੁੰਦੇ ਹਨ ਅਤੇ ਫਲੀਆਂ ਵਿੱਚੋਂ ਲਗਭਗ 50 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਸ ਦੇ ਦਾਣੇ ਮੋਟੇ, ਝੁਰੜੀਆਂ ਵਾਲੇ ਅਤੇ ਹਰੇ ਰੰਗ ਦੇ ਹੁੰਦੇ ਹਨ। ਇਹ ਕਿਸਮ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ, ਜੇਕਰ ਇਸ ਨੂੰ ਅਕਤੂਬਰ ਦੇ ਦੂਜੇ ਹਫਤੇ ਬੀਜਿਆ ਜਾਵੇ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 31.5 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਅਗੇਤੇ ਮਟਰਾਂ ਦੀ ਕਾਸ਼ਤ ਦੇ ਨੁਕਤੇ** :

**ਬਿਜਾਈ ਤੇ ਬੀਜ ਦੀ ਮਾਤਰਾ** : ਸਤੰਬਰ ਦੇ ਮਹੀਨੇ ਵਿੱਚ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉੱਤਮ ਸਮਾਂ ਅਕਤੂਬਰ ਦਾ ਪਹਿਲਾ ਹਫਤਾ ਹੈ, ਪਰੰਤੂ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਅਗੇਤੇ ਮਟਰ ਦੀ ਬਿਜਾਈ ਸਤੰਬਰ ਦੇ ਅਖੀਰਲੇ ਹਫਤੇ ਕੀਤੀ ਜਾਂਦੀ ਹੈ। ਮਸ਼ੀਨੀ ਬਿਜਾਈ ਲਈ ਅਗੇਤੀਆਂ ਕਿਸਮਾਂ ਦਾ 45 ਕਿਲੋ ਬੀਜ ਪ੍ਰਤੀ ਏਕੜ ਲੱਗਦਾ ਹੈ। ਹੱਥਾਂ ਨਾਲ ਬਿਜਾਈ ਕਰਨ ਤੇ ਬੀਜ ਦੀ ਮਾਤਰਾ ਘੱਟ ਲੱਗਦੀ ਹੈ। ਅਗੇਤੀਆਂ ਕਿਸਮਾਂ ਲਈ ਫਸਲਾਂ 30×7.5 ਸੈਂਟੀਮੀਟਰ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਮਟਰਾਂ ਦੀ ਬਿਜਾਈ ਪੱਧਰੇ 'ਤੇ ਕਰਨੀ ਚਾਹੀਦੀ ਹੈ ਪਰ ਬਿਜਾਈ ਸਮੇਂ ਠੀਕ ਵੱਤਰ ਹੋਵੇ। ਮਟਰਾਂ ਦੀ ਬਿਜਾਈ ਖਾਦ ਡਰਿੱਲ ਨਾਲ ਵੱਟਾਂ 'ਤੇ ਹੀ ਕੀਤੀ ਜਾ ਸਕਦੀ ਹੈ। ਇਸ ਲਈ ਵੱਟਾਂ 60 ਸੈਂਟੀਮੀਟਰ ਚੌੜੀਆਂ ਰੱਖੋ ਅਤੇ ਹਰ ਵੱਟ ਉੱਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰੋ। ਇਸ ਡਰਿੱਲ ਨਾਲ ਇੱਕ ਘੰਟੇ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ।

**ਟੀਕੇ ਨਾਲ ਬੀਜ ਸੋਧਣਾ** : ਮਟਰਾਂ ਨੂੰ ਬਿਜਾਈ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ, ਕਿਉਂਕਿ ਇਸ ਨਾਲ ਝਾੜ ਵੱਧ ਜਾਂਦਾ ਹੈ। ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕਰੋਬਾਇਓਲੋਜੀ ਵਿਭਾਗ ਵਿੱਚ ਉਪਲੱਬਧ ਹੈ। ਅਗੇਤੀ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ। ਮਟਰਾਂ ਦੇ ਬੀਜ ਨੂੰ ਸੋਧਣ ਲਈ ਅੱਧੇ ਲੀਟਰ ਪਾਣੀ ਵਿੱਚ ਰਾਈਜ਼ੋਬੀਅਮ ਦੇ ਟੀਕੇ ਦਾ ਪੈਕਟ (ਇੱਕ ਏਕੜ ਵਾਲਾ) ਅਤੇ 675 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ ਰਲਾ ਦਿਓ। ਫਿਰ ਇਸ ਘੋਲ ਨੂੰ 45 ਕਿਲੋ ਬੀਜ ਵਿੱਚ ਚੰਗੀ ਤਰ੍ਹਾਂ ਮਿਲਾ ਦਿਓ। ਬੀਜ ਨੂੰ ਛਾਵੇਂ ਸੁਕਾ ਕੇ ਉਸੇ ਦਿਨ ਖੇਤ ਵਿੱਚ ਬੀਜ ਦਿਓ।

**ਖਾਦਾਂ** : ਮਟਰ ਵਾਸਤੇ ਏਕੜ ਪਿੱਛੇ 8 ਟਨ ਗੋਹੇ ਦੀ ਗਲੀ-ਸੜੀ ਰੂੜੀ, 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ਅਤੇ 25 ਕਿਲੋ ਫਾਸਫੋਰਸ (1.55 ਕਿਲੋ ਸੁਪਰਫਾਸਫੇਟ) ਬਿਜਾਈ ਤੋਂ ਪਹਿਲਾਂ ਖੇਤ ਵਿੱਚ ਪਾਓ। ਇਹ ਸਾਰੀਆਂ ਖਾਦਾਂ ਬਿਜਾਈ ਤੋਂ ਪਹਿਲਾਂ ਪਾਉਣੀਆਂ ਚਾਹੀਦੀਆਂ ਹਨ।

**ਨਦੀਨਾਂ ਦੀ ਰੋਕਥਾਮ** : ਬੀਜ ਉੱਗਣ ਤੋਂ 4 ਅਤੇ 8 ਹਫਤਿਆਂ ਪਿੱਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ। ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) 1 ਲੀਟਰ ਜਾਂ ਐਫਾਲੋਨ 50 ਤਾਕਤ (ਲੀਨੂਰੋਨ) 500 ਗ੍ਰਾਮ ਪ੍ਰਤੀ ਏਕੜ, ਨਦੀਨ ਉੱਗਣ ਤੋਂ ਪਹਿਲਾਂ ਬਿਜਾਈ ਤੋਂ ਦੋ ਦਿਨਾਂ ਵਿੱਚ ਵਰਤੋਂ। ਨਦੀਨ-ਨਾਸ਼ਕ ਨੂੰ 150 ਤੋਂ 200 ਲੀਟਰ ਪਾਣੀ ਵਿੱਚ ਘੋਲ ਲਵੋ ਅਤੇ ਖੇਤ ਵਿੱਚ ਇਕਸਾਰ ਛਿੜਕਾਅ ਕਰੋ। ਇਹ ਨਦੀਨ-ਨਾਸ਼ਕ ਚੌੜੇ ਪੱਤੇ ਵਾਲੇ ਅਤੇ ਘਾਹ ਵਾਲੇ ਨਦੀਨ ਜਿਨ੍ਹਾਂ ਵਿੱਚ ਗੁੱਲੀ ਡੰਡਾ ਆਦਿ ਸ਼ਾਮਿਲ ਹਨ, ਉੱਤੇ ਕਾਬੂ ਪਾ ਸਕਦੇ ਹਨ।

**ਸਿੰਚਾਈ** : ਬਿਜਾਈ ਠੀਕ ਵੱਤਰ ਵਿੱਚ ਕਰੋ। ਪਹਿਲਾ ਪਾਣੀ ਬਿਜਾਈ ਤੋਂ 15-20 ਦਿਨਾਂ ਬਾਅਦ ਲਾਓ। ਅਗਲਾ ਪਾਣੀ ਫੁੱਲ ਆਉਣ 'ਤੇ ਅਤੇ ਫਿਰ ਅਗਲਾ ਫਲ ਪੈਣ 'ਤੇ ਜੋ ਜ਼ਰੂਰਤ ਮੁਤਾਬਿਕ ਲਾਓ। ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਵੀ ਘੱਟ ਸਿੰਚਾਈਆਂ ਨਾਲ ਉੱਗਾਈ ਜਾ ਸਕਦੀ ਹੈ। ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਿਕ ਕੁੱਲ 3-4 ਪਾਣੀਆਂ ਦੀ ਹੀ ਲੋੜ ਹੈ।

**ਤੁੜਾਈ** : ਮਟਰਾਂ ਦੀ ਤੁੜਾਈ ਸਮੇਂ ਸਿਰ ਕਰੋ ਅਤੇ ਫਲੀਆਂ ਨੂੰ ਜ਼ਿਆਦਾ ਨਾ ਪੱਕਣ ਦਿਓ। ਅਗੇਤੀਆਂ ਕਿਸਮਾਂ ਦੀਆਂ ਆਮ ਤੌਰ 'ਤੇ ਦੋ ਤੁੜਾਈਆਂ ਕੀਤੀਆਂ ਜਾਂਦੀਆਂ ਹਨ।

**ਕੀੜੇ** :

**ਥਰਿੱਪ (ਜੂੰ)** : ਇਹ ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

**ਤਣੇ ਦੀ ਮੱਖੀ** : ਕਈ ਵਾਰ ਅਗੇਤੀ ਬੀਜੀ ਫ਼ਸਲ 'ਤੇ ਤਣੇ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ, ਜਿਸ ਨਾਲ ਸਾਰੀ ਦੀ ਸਾਰੀ ਫ਼ਸਲ ਤਬਾਹ ਹੋ ਜਾਂਦੀ ਹੈ। ਇਹ ਕੀੜਾ ਬੀਜ ਉੱਗਣ ਸਮੇਂ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ। ਇਸ ਦੇ ਬਚਾਅ ਲਈ ਬੀਜ ਵਾਲੀ ਫ਼ਸਲ 'ਤੇ ਬਿਜਾਈ ਸਮੇਂ ਸਿਆੜਾਂ ਵਿੱਚ 10 ਕਿਲੋ ਫੂਰਾਡਾਨ 3ਜੀ ਦਾਣੇਦਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।



**ਬਿਮਾਰੀਆਂ** :

**ਖੇਤਾਂ ਤੇ ਜੜ੍ਹਾਂ ਅਤੇ ਗਿੱਚੀ ਦਾ ਗਲਣਾ** : ਜਿੱਥੇ ਇਹ ਰੋਗ ਵਧੇਰੇ ਲੱਗਦਾ ਹੈ, ਉੱਥੇ ਮਟਰ ਦੀ ਫ਼ਸਲ ਅਗੇਤੀ ਨਾ ਬੀਜੋ, ਕਿਉਂਕਿ ਅਗੇਤੀ ਫ਼ਸਲ ਨੂੰ ਰੋਗ ਜ਼ਿਆਦਾ ਲੱਗਦਾ ਹੈ। ਇਸ ਰੋਗ ਨਾਲ ਜੜ੍ਹਾਂ ਗਲ ਜਾਂਦੀਆਂ ਹਨ ਅਤੇ ਹੇਠਲੇ ਪੱਤੇ ਪੀਲੇ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਪੌਦਾ ਮਰ ਜਾਂਦਾ ਹੈ। ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ।

---

# ਦੋ ਭਰਾਵਾਂ ਨੇ ਵਰਕਸ਼ਾਪ ਕਰ ਦਿੱਤੀ ਗੁਲਜ਼ਾਰ

*** ਪੰਛੀਆਂ ਨੇ 100 ਦੇ ਕਰੀਬ ਬਣਾਏ ਆਲ੍ਹਣੇ, ਸਵੇਰੇ ਸ਼ਾਮ ਪੰਛੀਆਂ ਦੀ ਹੁੰਦੀ ਚਹਿਲ-ਪਹਿਲ * ਦੋਵਾਂ ਭਰਾਵਾਂ ਨੇ ਮਿਹਨਤ ਸਦਕਾ ਉਗਾਏ ਸੇਬ, ਸੀਤਾਫਲ ਤੇ ਆਲੂ ਬੁਖਾਰਾ ਵੀ ਪਾਰਕ ਦਾ ਹਿੱਸਾ**

ਪੰਜਾਬ ਦੀ ਧਰਤੀ 'ਤੇ ਕਿਸੇ ਸਮੇਂ ਹਰ ਪਾਸੇ ਹਰਿਆਲੀ ਹੀ ਨਜ਼ਰ ਆਉਂਦੀ ਸੀ, ਪਰੰਤੂ ਮੌਜੂਦਾ ਸਮੇਂ ਲਗਾਤਾਰ ਰੁੱਖਾਂ ਦਾ ਹੋ ਰਿਹਾ ਖਾਤਮਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਵੱਲ ਹਾਲੇ ਸਮੇਂ ਦੀਆਂ ਸਰਕਾਰਾਂ ਦਾ ਬਹੁਤਾ ਧਿਆਨ ਨਹੀਂ ਅਤੇ ਸਬੰਧਤ ਜੰਗਲਾਤ ਵਿਭਾਗ ਦੇ ਅਧਿਕਾਰੀ ਵੀ ਹਾਲੇ ਕੁੰਭਕਰਨੀ ਨੀਂਦ ਸੁੱਤੇ ਪਏ ਜਾਪਦੇ ਹਨ, ਜਿਸ ਕਰਕੇ ਲੋਕ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਆਪ ਮੁਹਾਰੇ ਹੀ ਦਰੱਖਤਾਂ ਨੂੰ ਕੱਟ ਰਹੇ ਹਨ, ਪਰੰਤੂ ਸਾਡੇ ਸਮਾਜ ਵਿੱਚ ਦਰੱਖਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਵੀ ਕੋਈ ਕਮੀਂ ਨਹੀਂ। ਭਗਤਾ ਭਾਈਕੇ ਵਿਖੇ ਸਥਿਤ ਨਾਮਵਰ ਭਾਈਕੇ ਐਗਰੀਵਰਕਸ ਦੇ ਸੰਚਾਲਕ ਦਰਸ਼ਨ ਸਿੰਘ ਭਾਈਕੇ ਅਤੇ ਬਿੰਦਰ ਸਿੰਘ ਭਾਈਕੇ ਦਰੱਖਤਾਂ ਨੂੰ ਬੇਹੱਦ ਪਿਆਰ ਕਰਦੇ ਹਨ। ਉਨ੍ਹਾਂ ਨੇ ਆਪਣੀ ਵਰਕਸ਼ਾਪ ਅਤੇ ਘਰ ਵਿੱਚ ਵੱਖ-ਵੱਖ ਕਿਸਮ ਦੇ 624 ਪੌਦੇ ਲਗਾਏ ਹੋਏ ਹਨ, ਜਿਸ ਨੂੰ ਦੋਵੇਂ ਭਰਾ ਸ਼ੌਂਕ ਨਾਲ ਪਾਲ ਰਹੇ ਹਨ। ਦਰਸ਼ਨ ਸਿੰਘ ਭਾਈਕੇ ਅਤੇ ਬਿੰਦਰ ਸਿੰਘ ਭਾਈਕੇ ਵੱਲੋਂ ਬਣਾਏ ਗਏ ਪਾਰਕ ਅਤੇ ਘਰ ਵਿੱਚ ਅਸ਼ੋਕਾ 47, ਗਲਮੋਹਰ 7, ਖਜੂਰ 12, ਬੋਤਲ ਪਾਮ 33, ਡੇਕ 9, ਆਂਵਲਾ 4, ਨਿੰਬੂ 3, ਅਨਾਰ 4, ਆੜੂ 7, ਚੀਕੂ 9, ਚਕੋਤਰਾ 2, ਅਮਰੂਦ 8, ਅੰਜੀਰ 3, ਅੰਬ 10, ਸੀਤਾਫਲ 1, ਕਿੱਕਰ 1, ਨਾਸ਼ਪਾਤੀ 3, ਆਲੂਬੁਖਾਰਾ 5, ਫਰਮਾਹ 2, ਪਾਮਗਰੀਨ 50, ਗਲਗਲ 1, ਫੁੱਲ ਸਾਇਜ਼ ਗਰੀਨ ਪਾਮ 46, ਬੇਰੀ 1, ਮੌਸੰਮੀ 8, ਲੀਚੀ 1, ਟਾਹਲੀ 6, ਤੂਤ 2, ਸੁਹਾਂਜਣਾ 6, ਬਾਂਸ 1, ਬੈਂਬੂ ਬਾਂਸ 5, ਅੰਗੂਰਵੇਲ 1, ਮੋਰਪੰਖ 16, ਬੋਤਲ ਬੁਰਸ 1, ਪੈਨਸਲ ਪਾਮ 1, ਫਾਲਸਾ 1, ਸਿਲਵਰ ਪਾਮ 5, ਨਿੰਮ 4, ਜਾਮਣ 4, ਪਿੱਪਲ 1, ਮੁਕਟਨ ਪਾਮ 50, ਕਲਬਸ ਕੋਨੇ 229, ਕੰਘੀ ਪਾਪ 2, ਬੱਬੂ ਗੋਸ਼ਾ 2, ਕਰਲ 1, ਬੈਂਬੂ 3, ਵੇਲ 3, ਪਿਲਕਣ 1 ਅਤੇ ਸੇਬ ਦੇ ਪੌਦੇ 4 ਲਗਾਏ ਹੋਏ ਹਨ। ਇਸ ਤੋਂ ਇਲਾਵਾ ਪਾਰਕ ਦੀ ਸੁੰਦਰਤਾ ਲਈ ਗੁਲਾਬ 20, ਮੋਤੀਆ ਕਲੀ ਹੈਜ 150, ਪਹਾੜੀ ਚਮੇਲੀ ਦੀ ਹੈਜ 170 ਸਮੇਤ ਸੈਂਕੜੇ ਫੁੱਲਦਾਰ ਪੌਦੇ ਲਗਾਏ ਹੋਏ ਹਨ ਅਤੇ ਪਾਰਕ ਵਿੱਚ ਹੀ ਸੈਰ ਕਰਨ ਲਈ ਚੰਗੀ ਕੁਆਲਿਟੀ ਦਾ ਘਾਹ ਲਗਾਇਆ ਗਿਆ। ਇਸ ਪਾਰਕ ਦੀ ਸਾਂਭ-ਸੰਭਾਲ ਲਈ ਇੱਕ ਮਾਲੀ ਵੀ ਰੱਖਿਆ ਗਿਆ ਹੈ। ਇਸ ਪਾਰਕ ਦੀ ਸੁੰਦਰਤਾ ਵੱਡੇ ਸ਼ਹਿਰਾਂ ਦੇ ਪਾਰਕਾਂ ਦਾ ਭੁਲੇਖਾ ਪਾਉਂਦੀ ਹੈ। ਇਸੇ ਤਰ੍ਹਾਂ ਦੋਹਾਂ ਭਰਾਵਾਂ ਨੇ ਵਰਕਸ਼ਾਪ ਦੇ ਗੇਟ ਅਤੇ ਅੰਦਰ ਵੱਖ-ਵੱਖ ਕਿਸਮ ਦੇ ਪੌਦੇ ਲਗਾਏ ਹੋਏ ਹਨ। ਹੈਰਾਨੀ ਦੀ ਗੱਲ ਹੈ ਕਿ ਵਰਕਸ਼ਾਪ ਵਿੱਚ ਕੁਝ ਪੌਦੇ ਅਜਿਹੀ ਥਾਂ ਵੀ ਲੱਗੇ ਹਨ, ਜੋ ਰਸਤੇ ਅਤੇ ਕੰਮਕਾਰ ਵਿੱਚ ਅੜਿੱਕਾ ਹਨ, ਪਰ ਇਨ੍ਹਾਂ ਪੌਦਿਆਂ ਨੂੰ ਪੁੱਟਣ ਦੀ ਬਜਾਏ ਉਨ੍ਹਾਂ ਦੀ ਵੀ ਸੰਭਾਲ ਕੀਤੀ ਜਾ ਰਹੀ ਹੈ।

ਲੋਕ ਭਾਵੇਂ ਬੂਟੇ ਲਗਾਉਂਦੇ ਹਨ, ਪਰ ਬਾਅਦ ਵਿੱਚ ਲਗਾਏ ਗਏ ਪੌਦਿਆਂ ਦੀ ਕੋਈ ਸਾਰ ਨਹੀਂ ਲੈਂਦਾ, ਜਿਸ ਕਰਕੇ ਕੁਝ ਦਿਨਾਂ ਵਿੱਚ ਲਗਾਏ ਗਏ ਬੂਟਿਆਂ ਦਾ ਕਿਧਰੇ ਕੋਈ ਨਾਮੋ ਨਿਸ਼ਾਨ ਨਹੀਂ ਰਹਿੰਦਾ। ਇਸ ਪਾਰਕ ਵਿੱਚ ਲੱਗੀਆਂ ਖਜੂਰਾਂ 'ਤੇ ਬਿਜੜਿਆਂ ਵੱਲੋਂ ਬਣਾਏ ਗਏ 100 ਦੇ ਕਰੀਬ ਆਲ੍ਹਣੇ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪਾਰਕ ਵਿੱਚ ਸਵੇਰ ਵੇਲੇ ਪੰਛੀਆਂ ਦੀਆਂ ਅਵਾਜ਼ਾਂ ਵੀ ਮਨ ਮੋਹ ਲੈਂਦੀਆਂ ਹਨ। ਦੋਵੇਂ ਭਰਾਵਾਂ ਦੇ ਇਸ ਯਤਨ ਦੀ ਇਲਾਕੇ ਭਰ ਵਿੱਚ ਖੂਬ ਸ਼ਲਾਘਾ ਹੋ ਰਹੀ ਹੈ।

### 624 ਦਰੱਖਤ ਲਾਉਣ ਵਾਲੇ ਭਰਾਵਾਂ ਨੇ ਕਿਹਾ, ਜੇ ਹੁਣ ਨਾ ਸੰਭਲੇ ਤਾਂ ਹਰਿਆਲੀ ਨੂੰ ਤਰਸਣਾ ਪੈਣੇ



ਦਰਸ਼ਨ ਸਿੰਘ ਭਾਈਕੇ ਤੇ ਬਿੰਦਰ ਸਿੰਘ ਭਾਈਕੇ ਦੱਸਦੇ ਹਨ ਕਿ ਦਰੱਖਤਾਂ ਨੂੰ ਬਚਾਉਣ ਲਈ ਹੁਣ ਵੀ ਯਤਨ ਨਾ ਕੀਤੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਪਛਤਾਵੇ ਤੋਂ ਸਿਵਾਇ ਸਾਡੇ ਪੱਲੇ ਕੱਖ ਨਹੀਂ ਰਹਿਣਾ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜੰਗਲਾਤ ਵਿਭਾਗ ਨੂੰ ਹਲੂਣਾ ਦੇਵੇ ਅਤੇ ਹਕੀਕੀ ਤੌਰ 'ਤੇ ਕੁਝ ਕਰਕੇ ਦਿਖਾਵੇ, ਤਾਂ ਜੋ ਮੁੜ ਹਰਿਆਲੀ ਪੈਦਾ ਹੋ ਸਕੇ। ਸੂਬਾ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਅਜਿਹੇ ਲੋਕਾਂ ਦਾ ਬਣਦਾ ਸਨਮਾਨ ਕਰਨ ਦਾ ਹੋਰਨਾਂ ਲੋਕਾਂ ਵਿੱਚ ਉਤਸ਼ਾਹ ਪੈਦਾ ਹੋ ਸਕਦਾ ਹੈ।



# ਮਿੱਟੀ ਦੀ ਸਿਹਤ ਸੰਭਾਲ ਲਈ ਜੈਵਿਕ ਫਸਲ ਉਤਪਾਦਨ ਅਪਨਾਓ



ਪ੍ਰਭਜੀਤ ਕੌਰ ਅਤੇ ਸੰਜੀਵ ਕੁਮਾਰ ਕਟਾਰੀਆ,
ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ (ਨੂਰਮਹਿਲ) (ਮੋ. 62844-48445)

**ਕਿਸਾਨ ਵੀਰੋ ! ਜੈਵਿਕ ਖੇਤੀ ਉੱਚ-ਗੁਣਵੱਤਾ ਭੋਜਨ ਪੈਦਾ ਕਰਨ ਅਤੇ ਵਾਤਾਵਰਣ ਨੂੰ ਸਿਹਤਮੰਦ ਰੱਖਣ ਦਾ ਇਕ ਅਹਿਮ ਤਰੀਕਾ ਹੈ । ਇਹ ਗੈਰ ਕੁਦਰਤੀ ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਤੋਂ ਪਰਹੇਜ਼ ਕਰਦਾ ਹੈ ਅਤੇ ਖਾਸ ਨਿਯਮਾਂ ਦੀ ਪਾਲਣਾ ਕਰਦਾ ਹੈ, ਜਿਸ ਨੂੰ ਜੈਵਿਕ ਮਿਆਰ ਕਿਹਾ ਜਾਂਦਾ ਹੈ । ਜੈਵਿਕ ਖੇਤੀ ਦੀ ਸਫਲਤਾ ਲਈ ਖਪਤਕਾਰਾਂ ਦਾ ਭਰੋਸਾ ਬਹੁਤ ਜ਼ਰੂਰੀ ਹੈ; ਸਥਾਨਕ ਵਿਸ਼ਵਾਸ ਜੈਵਿਕ ਖੇਤੀ ਦੀ ਸਫਲਤਾ ਦੀ ਕੁੰਜੀ ਹੈ ।**

**ਮਿੱਟੀ ਦੀ ਸਿਹਤ ਸੰਭਾਲ ਲਈ ਵਰਤੇ ਜਾਣ ਵਾਲੇ ਜੈਵਿਕ ਪਦਾਰਥ :** ਜੈਵਿਕ ਖੇਤੀ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਫਸਲਾਂ ਨੂੰ ਲੋੜੀਂਦੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਜੈਵਿਕ ਫਾਰਮ ਦੀ ਰੂੜੀ ਦੀ ਖਾਦ, ਫਸਲਾਂ ਦੀ ਰਹਿੰਦ-ਖੂੰਹਦ ਅਤੇ ਹਰੀ ਖਾਦ, ਪਰਾਲੀ ਅਤੇ ਹੋਰ ਵਸਤਾਂ ਦੀ ਮਲਚਿੰਗ, ਜੈਵਿਕ ਫਾਰਮ ਦੀ ਸਲੱਰੀ ਅਤੇ ਮੂਤਰ, ਗੰਡੋਇਆਂ ਦੀ ਖਾਦ, ਪੌਦਿਆਂ ਤੋਂ ਪੈਦਾ ਹੋਣ ਵਾਲੀਆਂ ਖਾਦਾਂ (ਤੇਲ ਬੀਜ ਫਸਲਾਂ ਦੀ ਖਲ ਆਦਿ), ਜੀਵਾਣੂੰ ਖਾਦਾਂ, ਬਾਇਓਡਾਇਨਿਮਿਕ (ਕੁਦਰਤੀ) ਵਸਤਾਂ, ਪੌਦਿਆਂ ਤੋਂ ਬਣਾਏ ਗਏ ਅਰਕ, ਕੈਲਸੀਫਾਇਡ ਸੀਅ ਵੀਡ, ਮੈਗਨੀਸ਼ੀਅਮ ਸਲਫੇਟ, ਕੈਲਸ਼ੀਅਮ ਕਲੋਰਾਈਡ, ਕੈਲਸ਼ੀਅਮ ਸਲਫੇਟ (ਜਿਪਸਮ), ਸੋਡੀਅਮ ਕਲੋਰਾਈਡ ਦੀ ਵਰਤੋਂ ਕੀਤੀ ਜਾਂਦੀ ਹੈ ।

### ਜੈਵਿਕ ਫਸਲ ਉਤਪਾਦਨ ਲਈ ਮੁੱਖ ਮਾਪਦੰਡ :

★ ਜੈਵਿਕ ਪ੍ਰਮਾਣੀਕਰਨ ਪ੍ਰਾਪਤ ਕਰਨ ਲਈ ਤਿੰਨ ਸਾਲਾਂ ਦੇ ਪਰਿਵਰਤਨ ਸਮੇਂ ਦੀ ਲੋੜ ਹੁੰਦੀ ਹੈ ਅਤੇ ਇਹ ਸਮਾਂ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਖੇਤ ਨੂੰ ਕਿਸੇ ਪ੍ਰਮਾਣੀਕਰਨ ਏਜੰਸੀ ਨਾਲ ਰਜਿਸਟਰ ਕਰ ਲਿਆ ਜਾਂਦਾ ਹੈ ।

★ ਜੈਵਿਕ ਅਤੇ ਪਰੰਪਰਾਗਤ ਖੇਤਰਾਂ ਦੇ ਵਿਚਕਾਰ ਇਕ ਬਫਰ ਬਨਾਉਣਾ ਜਰੂਰੀ ਹੈ ।

★ ਜੈਵਿਕ ਬੀਜਾਂ ਦੀ ਵਰਤੋਂ ਕਰੋ, ਜੇਕਰ ਇਹਨਾਂ ਬੀਜਾਂ ਦੀ ਉਪਲੱਬਧਤਾ ਨਾ ਹੋਵੇ, ਤਾਂ ਬਿਨਾਂ ਰਸਾਇਣਕ ਸੋਧੇ ਗਏ ਰਵਾਇਤੀ ਬੀਜਾਂ ਦੀ ਵਰਤੋਂ ਕਰ ਸਕਦੇ ਹਾਂ ।

★ ਜੈਨੇਟਿਕ ਤੌਰ ਤੇ ਸੋਧੀਆਂ ਫਸਲਾਂ ਦੀ ਜੈਵਿਕ ਖੇਤੀ ਵਿਚ ਕੋਈ ਜਗ੍ਹਾ ਨਹੀਂ ਹੈ ।

★ ਬੀਜ ਦੇ ਸੋਧ ਲਈ ਕੋਈ ਉੱਲੀਨਾਸ਼ਕ ਆਦਿ ਨਹੀਂ ਵਰਤੀਆਂ ਜਾ ਸਕਦੀਆਂ, ਇਸ ਲਈ ਭੌਤਿਕ ਤਰੀਕਿਆਂ ਜਾਂ ਬਾਇਓ ਉੱਲੀਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

★ ਰਸਾਇਣਕ ਖਾਦਾਂ, ਉੱਲੀਨਾਸ਼ਕਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਤੇ ਪੂਰਨ ਤੌਰ ਤੇ ਪਾਬੰਦੀ ਹੈ ।

★ ਜੈਵਿਕ ਫਾਰਮ ਦੀ ਰੂੜੀ ਦੀ ਖਾਦ ਵਰਤੀ ਜਾ ਸਕਦੀ ਹੈ ਪਰ ਵਪਾਰਕ ਪੱਧਰ ਦੇ ਡੇਅਰੀ ਫਾਰਮਾਂ ਦੀ ਰੂੜੀ ਦੀ ਖਾਦ ਵਰਤਣ ਦੀ ਮਨਾਹੀ ਹੈ । ਰਵਾਇਤੀ ਫਾਰਮਾਂ ਦੀ ਰੂੜੀ ਦੀ ਖਾਦ ਵਰਤਣ ਦੀ ਮਨਾਹੀ ਹੈ । ਰਵਾਇਤੀ ਫਾਰਮਾਂ ਦੀ ਰੂੜੀ ਦੀ ਖਾਦ ਦੀ ਵਰਤੋਂ ਸੀਮਤ ਤਰੀਕੇ ਨਾਲ ਪ੍ਰਮਾਣੀਕਰਨ ਏਜੰਸੀ ਤੋਂ ਪ੍ਰਵਾਨਗੀ ਲੈ ਕੇ ਕੀਤੀ ਜਾ ਸਕਦੀ ਹੈ ।

★ ਫਲੀਦਾਰਾਂ ਫਸਲ ਨੂੰ ਫਸਲੀ ਚੱਕਰ ਵਿਚ ਜਾਂ ਹਰੀ ਖਾਦ ਦਾ ਅੰਤਰ-ਫਸਲਾਂ ਵਜੋਂ ਸ਼ਾਮਲ ਕਰ ਸਕਦੇ ਹਨ । ਇਹ ਯਕੀਨੀ ਬਣਾਓ ਕਿ ਜੈਵਿਕ ਫਾਰਮਾਂ ਤੇ ਉਤਪਾਦਨ ਅਤੇ ਪ੍ਰੋਸੈਸਿੰਗ ਦੌਰਾਨ ਕੋਈ ਪ੍ਰਦੂਸ਼ਨ ਨਾ ਹੋਵੇ ।

★ ਚੰਗੀ ਗੁਣਵੱਤਾ ਵਾਲੇ ਸਿੰਚਾਈ ਪਾਣੀ ਦੀ ਵਰਤੋਂ ਕਰੋ; ਸਿੰਚਾਈ ਲਈ ਸੀਵਰੇਜ਼ ਦੇ ਪਾਣੀ ਦੀ ਵਰਤੋਂ ਨਹੀਂ ਹੋਣੀ ਚਾਹੀਦੀ ।

★ ਖੇਤੀ ਉਪਜ ਨੂੰ ਰਸਾਇਣਾਂ ਨਾਲ ਧੋਣ ਤੋਂ ਬਚੋ ।

★ ਜੈਵਿਕ, ਪਰਿਵਰਤਨ ਅਧੀਨ ਅਤੇ ਰਵਾਇਤੀ ਜਿਣਸ ਦਾ ਲੇਬਲ ਲਗਾ ਕੇ ਅਲੱਗ-ਅਲੱਗ ਭੰਡਾਰਨ ਕਰਨਾ ਚਾਹੀਦਾ ਹੈ ।

★ ਜੈਵਿਕ ਸਟੋਰਾਂ ਵਿਚ ਕੋਈ ਕੀਟਨਾਸ਼ਕ ਦੀ ਵਰਤੋਂ ਦੀ ਮਨਾਹੀ ਹੈ, ਜੇ ਲੋੜ ਹੋਵੇ ਤਾਂ ਮਨਜ਼ੂਰਸ਼ੁਦਾ ਜੈਵਿਕ ਕੀਟਨਾਸ਼ਕ ਦੀ ਵਰਤੋਂ ਕਰੋ ।

★ ਪੈਕਿੰਗ ਲਈ ਵਾਤਾਵਰਣ ਅਨੁਕੂਲ ਅਤੇ ਦੁਬਾਰਾ ਵਰਤੀ ਜਾ ਸਕਣ ਵਾਲੀ ਪੈਕੇਜਿੰਗ ਸਮੱਗਰੀ ਦੀ ਵਰਤੋਂ ਕਰੋ ।

## ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ

ਅੱਜਕਲ ਜਿਸ ਤਰ੍ਹਾਂ ਮੌਸਮ ਵਿੱਚ ਤਬਦੀਲੀ ਆ ਰਹੀ ਹੈ, ਸਾਉਣ ਦੇ ਮਹੀਨੇ ਵਿੱਚ ਪੰਜਾਬ ਵਿੱਚ ਜ਼ਿਆਦਾ ਬਰਸਾਤ ਨਹੀਂ ਹੋਈ, ਪਰ ਭਾਦੋਂ ਵਿੱਚ ਕਾਫੀ ਬਰਸਾਤ ਹੋਈ ਤਾਂ ਕਿਸਾਨ ਵੀਰਾਂ ਨੂੰ ਇਸ ਬਰਸਾਤ ਦੇ ਪਾਣੀ ਦੀ ਸੰਭਾਲ ਸੁਚੱਜੇ ਢੰਗ ਨਾਲ ਕਰਨੀ ਚਾਹੀਦੀ ਹੈ, ਤਾਂ ਜੋ ਇਸ ਦੀ ਵਰਤੋਂ ਖੇਤੀ ਲਈ ਕੀਤੀ ਜਾ ਸਕੇ, ਇਸ ਨਾਲ ਸੰਬੰਧਿਤ ਕੁਝ ਗੱਲਾਂ ਸਾਂਝੀਆਂ ਕਰ ਰਹੇ ਹਾਂ ।

ਮੈਦਾਨੀ ਇਲਾਕਿਆਂ ਵਿੱਚ ਵਾਹੀ ਉਪਰੰਤ ਖੇਤ ਵਿੱਚ ਲੋੜ ਮੁਤਾਬਕ ਕਿਆਰੇ ਪਾਓ, ਤਾਂ ਜੋ ਮੀਂਹ ਦਾ ਪਾਣੀ ਕਿਆਰਿਆਂ ਵਿੱਚ ਇਕੱਠਾ ਹੋ ਸਕੇ । ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਦੇ ਮੁਕਾਬਲੇ ਹਲਕੀਆਂ ਜ਼ਮੀਨਾਂ ਵਿੱਚ ਪ੍ਰਤੀ ਏਕੜ ਜ਼ਿਆਦਾ ਕਿਆਰੇ ਪਾਉਣ ਨਾਲ ਪਾਣੀ ਫ਼ਸਲ ਦੇ ਜੜ੍ਹ-ਖੇਤਰ ਵਿੱਚ ਹੀ ਸੰਭਾਲਿਆ ਜਾ ਸਕਦਾ ਹੈ ।

ਕੰਢੀ ਇਲਾਕੇ ਵਿੱਚ ਜ਼ਿਆਦਾ ਉੱਚੀਆਂ-ਨੀਵੀਆਂ ਥਾਵਾਂ ਨੂੰ ਪੱਧਰ ਕਰਕੇ ਪਾਣੀ ਦੇ ਯੋਗ ਨਿਕਾਸ ਲਈ ਪਾਈਪਾਂ ਦਾ ਪ੍ਰਬੰਧ ਕਰ ਲਓ, ਤਾਂ ਜੋ ਮੀਂਹ ਦਾ ਪਾਣੀ ਸੁਰੱਖਿਅਤ ਥਾਂ 'ਤੇ ਇਕੱਠਾ ਕੀਤਾ ਜਾ ਸਕੇ ।

ਝੋਨੇ ਦੇ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਨਹੀਂ । ਲੁਆਈ ਦੇ ਦੋ ਹਫਤਿਆਂ ਪਿੱਛੋਂ ਪਾਣੀ ਉਸ ਵੇਲੇ ਦਿਉ, ਜਦੋਂ ਖੇਤ ਵਿਚਲਾ ਪਹਿਲਾ ਪਾਣੀ ਜਾਂ ਮੀਂਹ ਦਾ ਪਾਣੀ ਜਜ਼ਬ ਹੋ ਜਾਵੇ ਅਤੇ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ ।

ਮੱਕੀ ਬੀਜਣ ਦੇ ਸ਼ੁਰੂਆਤੀ ਦਿਨਾਂ ਵਿੱਚ ਬਰਸਾਤੀ ਪਾਣੀ ਵੱਧ ਨੁਕਸਾਨ ਕਰਦਾ ਹੈ । ਇਸ ਲਈ ਮੱਕੀ ਦੀ ਉਤਪਾਦਕਤਾ ਵਧਾਉਣ ਲਈ ਖੇਤ ਵਿੱਚੋਂ ਪਾਣੀ ਦਾ ਨੁਕਸਾਨ ਕਰਨਾ ਬਹੁਤ ਜ਼ਰੂਰੀ ਹੈ । ਜਵਾਰ, ਬਾਜਰਾ ਤੇ ਦਾਲਾਂ ਵਾਲੀਆਂ ਫ਼ਸਲਾਂ ਵਿੱਚੋਂ ਪਾਣੀ ਦਾ ਨਿਕਾਸ, ਪਾਣੀ ਵਾਲੀ ਨਿਕਾਸ ਨਲੀ ਬਣਾ ਕੇ ਕਰਨਾ ਲਾਹੇਵੰਦ ਹੁੰਦਾ ਹੈ ।

**ਸਤਪਾਲ ਸਿੰਘ ਤੇ ਅਮਿਤ ਸਲਾਰੀਆ**



# ਪੰਜਾਬ ਦੀ ਖੇਤੀ ਵਿਚ ਕਿਹੜੇ ਸੁਧਾਰਾਂ ਦੀ ਲੋੜ

ਜ਼ਮੀਨ ਅਤੇ ਜਲਵਾਯੂ ਦੇ ਆਧਾਰ ਤੇ ਸਾਡਾ ਦੇਸ਼ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਹੈ । ਇਸ ਕਰ ਕੇ ਹਰ ਖਿੱਤੇ ਵਿਚ ਵੱਖਰਾ ਵੱਖਰਾ ਚੱਕਰ ਅਪਨਾਇਆ ਜਾਂਦਾ ਹੈ ਅਤੇ ਉਸ ਦੀਆਂ ਵੱਖ-ਵੱਖ ਸਮੱਸਿਆਵਾਂ ਹਨ । ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵੱਖ-ਵੱਖ ਸੁਧਾਰਾਂ ਦੀ ਲੋੜ ਹੈ । ਪੰਜਾਬ ਦੀ ਖੇਤੀ ਵਿਚ ਕਿਹੜੇ ਸੁਧਾਰਾਂ ਦੀ ਲੋੜ ਹੈ ਤਾਂ ਕਿ ਖੇਤੀ ਵਿਚੋਂ ਸਥਾਈ ਆਮਦਨ ਹੁੰਦੀ ਵੀ ਰਹੇ ਅਤੇ ਉਸ ਵਿਚ ਵਾਧਾ ਵੀ ਹੋਵੇ ।

ਪੰਜਾਬ ਦੀ ਜ਼ਮੀਨ ਉਪਜਾਊ ਹੈ ਅਤੇ ਤਕਰੀਬਨ 98 ਪ੍ਰਤੀਸ਼ਤ ਵਿਚ ਸਿੰਜਾਈ ਦਾ ਪ੍ਰਬੰਧ ਹੈ । ਕਿਸਾਨ ਮਿਹਨਤੀ ਹਨ, ਇਸ ਲਈ ਮੌਸਮ ਨੂੰ ਢੁੱਕਵੀਂ ਹਰ ਫਸਲ ਪੈਦਾ ਕੀਤੀ ਜਾ ਸਕਦੀ ਹੈ ਜਿਸ ਦੀ ਮੰਡੀ ਵਿਚ ਮੰਗ ਹੋਵੇ । ਪਰ ਖੇਤੀ ਨੂੰ ਹੋਰ ਪ੍ਰਫੁੱਲਤ ਕਰਨ ਦੀ ਅਤੇ ਲਾਹੇਵੰਦ ਬਣਾਉਣ ਲਈ ਜਿਹੜੇ ਉਪਰਾਲੇ ਕਰਨ ਦੀ ਲੋੜ ਹੈ, ਉਹ ਇਹ ਹਨ ।

ਇਸ ਵੇਲੇ ਪੰਜਾਬ ਵਿਚ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੈ । ਪਾਣੀ ਦਾ ਬੈਲੇਂਸ ਨੈਗੇਟਿਵ ਹੋਣ ਕਰ ਕੇ ਧਰਤੀ ਹੇਠਲਾ ਪਾਣੀ ਹਰ ਸਾਲ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਫਸਲ ਪਾਲਣ ਲਈ ਕਿਸਾਨਾਂ ਦਾ ਅਤੇ ਸਰਕਾਰ ਦਾ ਹਰ ਸਾਲ ਕਰੋੜਾਂ ਰੁਪਏ ਖਰਚਾ ਵੱਧ ਰਿਹਾ ਹੈ । ਅੰਕੜਿਆਂ ਅਨੁਸਾਰ 1970-71 ਵਿਚ ਸੂਬੇ ਦਾ 71 ਫੀ ਸਦੀ ਰਕਬਾ ਸਿੰਚਾਈ ਹੇਠ ਸੀ ਅਤੇ ਇਸ ਵਿਚੋਂ 80 ਫੀ ਸਦੀ ਤੋਂ ਵੱਧ ਰਕਬਾ ਨਹਿਰੀ ਪਾਣੀ



ਨਾਲ ਸਿੰਜਿਆ ਜਾਂਦਾ ਸੀ ਜਦਕਿ ਬਾਕੀ ਇਕ ਲੱਖ 92 ਹਜ਼ਾਰ ਟਿਊਬਵੈੱਲਾਂ ਨਾਲ । ਅੱਜ ਪੰਜਾਬ ਦੇ 98 ਫੀ ਸਦੀ ਰਕਬੇ ਵਿਚ ਸਿੰਚਾਈ ਹੁੰਦੀ ਹੈ । ਇਸ ਵਿਚੋਂ ਸਿਰਫ 26 ਫੀ ਸਦੀ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ । ਇਸ ਦੇ ਸੁਧਾਰ ਲਈ ਸਭ ਤੋਂ ਪਹਿਲਾਂ ਨਵੇਂ ਸਿਰੇ ਤੋਂ ਦਰਿਆਈ ਪਾਣੀ ਦੀ ਅਸੈਸਮੈਂਟ ਕਰਨੀ ਚਾਹੀਦੀ ਹੈ । ਆਮ ਧਾਰਨਾ ਹੈ ਮੌਸਮ ਦੀ ਤਬਦੀਲੀ ਨਾਲ ਦਰਿਆਵਾਂ ਵਿਚ ਪਾਣੀ ਘੱਟ ਗਿਆ । ਇਸ ਵੇਲੇ ਦਰਿਆਵਾਂ ਵਿਚ ਕਿੰਨਾ ਪਾਣੀ ਹੈ ਅਤੇ ਪੰਜਾਬ ਦੇ ਹਿੱਸੇ ਕਿੰਨਾ ਪਾਣੀ ਆ ਰਿਹਾ ਹੈ ਅਤੇ ਧਰਤੀ ਹੇਠਲਾ ਪਾਣੀ ਸਟੇਬਲ ਰੱਖ ਕੇ (ਇਸ ਤੋਂ ਹੋਰ ਹੇਠਾਂ ਨਾ ਜਾਵੇ) ਇਸ ਦਾ ਵੀ ਅੰਦਾਜ਼ਾ ਲਾਇਆ ਜਾਵੇ ਕੇ ਕੁਲ ਕਿੰਨਾ ਸਾਲਾਨਾ ਵਰਤਣਯੋਗ ਹੈ ।

ਦੂਜਾ ਦਰਿਆਈ ਪਾਣੀ ਦੀ ਖੇਤੀ ਲਈ ਵਰਤੋਂ ਨੂੰ ਦੇਸ਼ ਦੇ ਹਿਤ ਵਿਚ ਇਸ ਢੰਗ ਨਾਲ ਵਰਤਿਆ ਜਾਵੇ ਕਿ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾਵੇ ਨਾ ਕਿ ਉਸ ਨੂੰ 650 ਕਿਲੋਮੀਟਰ ਖੁਲ੍ਹੀਆਂ ਨਹਿਰਾਂ ਵਿਚ ਲਿਜਾ ਕੇ ਵਾਸ਼ਪੀਕਰਨ ਕਰਵਾਈ ਜਾਵੇ ਜਾਂ ਸੀਪੇਜ ਕਰ ਕੇ ਸੇਮ ਵਰਗੀਆਂ ਨਵੀਆਂ ਸਮੱਸਿਆਵਾਂ ਪੈਦਾ ਕੀਤੀਆਂ ਜਾਣ । ਪੀਣ ਵਾਲਾ ਸਾਫ ਪਾਣੀ ਹਰ ਥਾਂ ਪਹੁੰਚਾਇਆ ਜਾਵੇ ਪਰ ਖੇਤੀ ਲਈ ਪਾਣੀ ਦੀ ਵਰਤੋਂ ਪ੍ਰਤੀ ਯੂਨਿਟ ਪੈਦਾਵਾਰ ਦੇ ਹਿਸਾਬ ਨਾਲ ਕੀਤੀ ਜਾਵੇ । ਇਸ ਤੋਂ ਅੱਗੇ ਫਸਲੀ ਚੱਕਰ ਪਾਣੀ ਦੀ ਉਪਲੱਬਧਤਾ ਦੇ ਹਿਸਾਬ ਨਾਲ ਅਪਨਾਇਆ ਜਾਵੇ । ਧਾਨ ਅਤੇ ਗੰਨੇ ਵਰਗੀਆਂ ਜ਼ਿਆਦਾ ਪਾਣੀ ਲੈਣ ਵਾਲੀਆਂ ਫਸਲਾਂ ਤੋਂ ਕਿਨਾਰਾ ਕੀਤਾ ਜਾਵੇ । ਜ਼ਮੀਨ ਹੇਠਲੇ ਪਾਣੀ ਦੀ ਰੀਚਾਰਜਿੰਗ ਲਈ ਡੈਮਾਂ ਤੋਂ ਹੇਠਾਂ ਵਲ ਜਿੰਨੇ ਵੀ ਨਾਲੇ ਵਗਦੇ ਹਨ ਸਭ ਵਿਚਾਲੇ ਰੀਚਾਰਜਿੰਗ ਵੇਲੇ ਸਰਕਾਰ ਵਲੋਂ ਬਣਾਉਣੇ ਚਾਹੀਦੇ ਹਨ । ਇਸੇ ਤਰ੍ਹਾਂ ਜਿੰਨੇ ਮੋਘੇ ਹਨ ਉਨ੍ਹਾਂ ਕੋਲ ਵੀ ਰੀਚਾਰਜਿੰਗ ਵੈਲ ਬਣਾਉਣੇ ਚਾਹੀਦੇ ਹਨ ਤਾਂਕਿ ਜਦੋਂ ਕਦੇ ਬਾਰਸ਼ ਜ਼ਿਆਦਾ ਪੈ ਜਾਂਦੀ ਹੈ ਤਾਂ ਨਹਿਰੀ ਪਾਣੀ ਰੀਚਾਰਜਿੰਗ ਲਈ ਵਰਤਿਆ ਜਾਵੇ । ਕਿਸਾਨ ਮੋਘਾ ਬੰਦ ਕਰਦੇ ਹਨ ਤਾ ਸੂਏ ਟੁਟਦੇ ਹਨ ਅਤੇ ਫਸਲ ਖਰਾਬ ਹੁੰਦੀ ਹੈ । ਸਰਕਾਰ ਨੂੰ ਮੁਰੰਮਤ 'ਤੇ ਖਰਚਾ ਕਰਨਾ ਪੈਂਦਾ ਹੈ ।

ਫਸਲੀ ਵਿਭਿੰਨਤਾ ਦੀ ਪੰਜਾਬ ਵਿਚ ਸਭ ਤੋਂ ਵੱਧ ਲੋੜ ਹੈ ਦਾਲਾਂ, ਤੇਲੇ ਬੀਜ, ਮੱਕੀ ਆਦਿ ਫਸਲਾਂ ਹੇਠ ਰਕਬਾ ਵਧਾਉਣ ਲਈ ਇਨ੍ਹਾਂ ਦੀਆਂ ਨਵੀਆਂ ਹਾਈਬ੍ਰਿਡ ਵਰਾਇਟੀਆਂ ਕੱਢਣੀਆਂ ਚਾਹੀਦੀਆਂ ਹਨ । ਜਿਨ੍ਹਾਂ ਦਾ ਝਾੜ ਵੱਧ ਹੋਵੇ ਅਤੇ ਉਹ ਇਕ ਸਾਰ ਪੱਕਣ ਅਤੇ ਮਸ਼ੀਨਾਂ ਨਾਲ ਕੱਟੀਆਂ ਜਾ ਸਕਣ । ਦੂਜੀ ਗੱਲ ਹੈ ਕਿ ਨਿਰਧਾਰਤ ਮੁੱਲ ਵਧਾਇਆ ਜਾਵੇ ਤਾਂ ਜੋ ਆਮਦਨ ਝੋਨੇ ਦੇ ਬਰਾਬਰ ਦੀ ਹੋ ਜਾਵੇ । ਜਿਹੜੀਆਂ ਫਸਲਾਂ ਦੀ ਸਰਕਾਰੀ ਖਰੀਦ ਨਹੀਂ ਉਨ੍ਹਾਂ ਦੀ ਵੀ ਘੱਟੋ ਘੱਟ ਕੀਮਤ ਕਿਸਾਨ ਨੂੰ ਮਿਲੇ । ਭਾਵ ਕਾਨੂੰਨਨ ਤੌਰ 'ਤੇ ਐਮ ਐਸ ਪੀ ਤੋਂ ਹੇਠਾਂ ਕੋਈ ਚੀਜ਼ ਨਾ ਵਿਕੇ ਜਿਸ ਤਰ੍ਹਾਂ ਜ਼ਮੀਨ ਦੀ ਰਜਿਸਟਰੀ ਕੁਲੈਕਟਰ ਰੇਟ ਤੋਂ ਹੇਠਾਂ ਨਹੀਂ ਹੋ ਸਕਦੀ । ਇਸ ਵੇਲੇ ਦੇਸ਼ ਵਿਚ ਨੀਤੀ ਆਯੋਗ ਵਲੋਂ ਇਕ ਰਿਪੋਰਟ ਤਿਆਰ ਕੀਤੀ ਗਈ ਹੈ ਕਿ ਇਥੇਨੋਲ ਦੀ ਪੈਦਾਵਾਰ ਦੇਸ਼ ਵਿਚ ਵਧਾਈ ਜਾਵੇ ਜਿਸ ਨਾਲ 4 ਬਿਲੀਅਨ ਡਾਲਰ ਦਾ ਹਰ ਸਾਲ ਦੇਸ਼ ਨੂੰ ਫਾਇਦਾ ਹੋਵੇਗਾ । ਇਥਨੋਲ ਬਣਾਉਣ ਲਈ ਗੰਨੇ ਨਾਲੋਂ ਮੱਕੀ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਕਿਉਂਕਿ ਗੰਨਾ ਪਾਣੀ ਜ਼ਿਆਦਾ ਲੈਂਦਾ ਹੈ । ਝੋਨੇ ਹੇਠੋਂ ਕੁਝ ਰਕਬਾ ਨਰਮੇ ਹੇਠ ਵਧਾਇਆ ਜਾ ਸਕਦਾ ਹੈ । ਪਰ ਇਸ ਵਿਚ ਚੁਗਾਈ ਵੇਲੇ ਲੇਬਰ ਦੀ ਕਿੱਲਤ ਆਉਂਦੀ ਹੈ ਅਤੇ ਚੁਗਾਈ ਤੇ ਖਰਚਾ ਕੁਲ ਫਸਲ ਦੀ ਵੱਟਤ ਦਾ ਦਸਵਾਂ ਹਿੱਸਾ ਲੱਗ ਜਾਂਦਾ ਹੈ । ਜਿਹੜੀਆਂ ਕਿਸਮਾਂ ਪ੍ਰਚਲਤ ਹਨ ਉਹ ਨਾ ਤਾਂ ਇਕਸਾਰ ਖਿੜਦੀਆਂ ਹਨ ਅਤੇ ਨਾ ਹੀ ਪੱਤੇ ਝਾੜਦੀਆਂ ਹਨ । ਇਸ ਲਈ ਮਸ਼ੀਨੀ ਚੁਗਾਈ ਹੋ ਨਹੀਂ ਸਕਦੀ । ਇਸ ਲਈ ਨਰਮੇ ਤੇ ਵੀ ਹੋਰ ਖੋਜ ਦੀ ਲੋੜ ਹੈ । ਖੇਤੀ ਵਿਚ ਸੁਧਾਰਾਂ ਦੀ ਲੋੜ ਹੈ ਪਰ ਖੇਤੀ ਕਾਨੂੰਨਾਂ ਵਰਗੇ ਨਹੀਂ ਬਲਕਿ ਖੋਜ ਆਧਾਰਤ ਤਕਨੀਕੀ ਸਲਾਹ ਦੀ ਲੋੜ ਹੈ, ਜੋ ਸਰਕਾਰ ਦੇ ਮੌਜੂਦਾ ਮਹਿਕਮੇ ਹੀ ਜੇ ਚਾਹੁਣ ਤਾਂ ਦੇ ਸਕਦੇ ਹਨ । ਜਿੱਥੋਂ ਤਕ ਖੇਤੀ ਵਿਚ ਨਿਵੇਸ਼ ਦੀ ਗੱਲ ਹੈ ਜੇ ਖੇਤੀ, ਉਪਜ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਦੇ ਸਬੰਧ ਵਿਚ ਪੰਜਾਬੀਆਂ ਨੂੰ ਸਹੀ ਦਿਸ਼ਾ ਵਿਖਾ ਦਿੱਤੀ ਜਾਵੇ ਤਾਂ ਪੈਸੇ ਦਾ ਪ੍ਰਬੰਧ ਲੋਕ ਆਪੇ ਕਰ ਲੈਣਗੇ ।

## ਪੌਸ਼ਟਿਕਤਾ ਅਤੇ ਗੁਣਾਂ ਨਾਲ ਭਰਪੂਰ

# ਪਾਲਕ ਦੀ ਕਾਸ਼ਤ ਕਰੋ

ਹੀਰਾ ਸਿੰਘ, ਆਰ. ਕੇ. ਢੱਲ ਅਤੇ ਟੀ. ਐਸ ਢਿਲੋਂ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 95016-01144)

ਪਾਲਕ ਦਾ ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਅਹਿਮ ਸਥਾਨ ਹੈ । ਪਾਲਕ ਨੂੰ ਘਰੇਲੂ ਬਗੀਚੀ ਵਿਚ ਜਾਂ ਗਮਲਿਆਂ ਵਿਚ ਵੀ ਉਗਾਇਆ ਜਾ ਸਕਦਾ ਹੈ ।

**ਮੌਸਮ ਅਤੇ ਜ਼ਮੀਨ** : ਇਹ ਸਰਦੀ ਰੁੱਤ ਦੀ ਫਸਲ ਹੈ ਅਤੇ ਕੋਰੇ ਨੂੰ ਬਰਦਾਸ਼ਤ ਕਰ ਸਕਣ ਦੀ ਸਮਰੱਥਾ ਰੱਖਦੀ ਹੈ । ਇਸ ਦੀ ਕਾਸ਼ਤ ਰੇਤਲੀ ਮੈਰਾ ਜ਼ਮੀਨ (ਪੀ. ਐੱਚ 7.0) ਵਧੇਰੇ ਢੁੱਕਵੀਂ ਹੈ ।

**ਕਿਸਮ** :

**ਪੰਜਾਬ ਗਰੀਨ** : ਬੂਟੇ ਅੱਧ ਖੜ੍ਹਵੇਂ, ਪੱਤੇ ਚਮਕਦਾਰ ਤੇ ਗੂੜ੍ਹੇ ਹਰੇ, ਮੋਟੇ, ਲੰਮੇ, ਰਸੀਲੇ ਤੇ ਖਟਾਈ ਰਹਿਤ ਹੁੰਦੇ ਹਨ । ਤਣੇ ਤੇ ਮੱਧਮ ਜਿਹਾ ਜਾਮਨੀ ਰੰਗ ਵੀ ਹੋ ਸਕਦਾ ਹੈ । ਇਹ ਕਿਸਮ ਕਟਾਈ ਲਈ ਬਿਜਾਈ ਤੋਂ 30 ਦਿਨਾਂ ਬਾਅਦ ਤਿਆਰ ਹੋ ਜਾਂਦੀ ਹੈ । ਇਸ ਦੀ ਔਸਤ ਪੈਦਾਵਾਰ ਲਗਭਗ 125 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ । ਇਸ ਨੂੰ ਨਿਸਾਰਾ ਦੇਰ ਬਾਅਦ ਪੈਂਦਾ ਹੈ । ਇਸ ਵਿਚ ਔਗਜ਼ੈਲਿਕ ਐਸਿਡ ਨਾ ਦਾ ਮਾਦਾ ਜੋ ਕਿ ਪੱਥਰੀ ਪੈਦਾ ਕਰਦਾ ਹੈ, ਘੱਟ ਹੁੰਦਾ ਹੈ ।

**ਬਿਜਾਈ ਦਾ ਸਮਾਂ ਤੇ ਬੀਜ ਦੀ ਮਾਤਰਾ**

ਪਾਲਕ ਦੀ ਬਿਜਾਈ ਲਈ ਅਕਤੂਬਰ ਮਹੀਨਾ ਉਚਿਤ ਹੈ । ਜ਼ਿਆਦਾ ਗਰਮ ਮੌਸਮ ਵਿਚ ਇਸ ਦੀ ਜੰਮਣ ਸ਼ਕਤੀ ਘੱਟ ਜਾਂਦੀ ਹੈ । ਪ੍ਰਤੀ ਏਕੜ 4-5 ਕਿਲੋ ਬੀਜ ਵਰਤੋ ਕਰੋ । ਪਾਲਕ ਦੇ ਬੀਜ ਦੇ ਜੰਮਣ ਲਈ ਖੇਤ ਨੂੰ ਚੰਗੀ ਤਰ੍ਹਾਂ ਵਾਹੋ । ਇਸਦੀ ਬਿਜਾਈ ਕਤਾਰਾਂ ਵਿਚ 20 ਸੈਂਟੀਮੀਟਰ ਫਾਸਲਾ ਰੱਖਕੇ ਕਰੋ ਅਤੇ ਬੀਜ ਨੂੰ 3-4 ਸੈਂਟੀਮੀਟਰ ਡੂੰਘਾ ਬੀਜੋ ।

**ਖਾਦਾਂ** : 10 ਟਨ ਗਲੀ ਰੂੜੀ, 35 ਕਿਲੋ ਨਾਈਟ੍ਰੋਜਨ (75 ਕਿਲੋ ਯੂਰੀਆ) ਅਤੇ 12 ਕਿਲੋ ਫਾਸਫੋਰਸ (75 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਦੇ ਹਿਸਾਬ ਪਾਓ । ਸਾਰੀ ਰੂੜੀ, ਫਾਸਫੋਰਸ ਤੇ ਅੱਧੀ ਨਾਈਟ੍ਰੋਜਨ ਬਿਜਾਈ ਤੋਂ ਪਹਿਲਾਂ ਹੀ ਜ਼ਮੀਨ ਵਿਚ ਪਾ ਦਿਓ । ਰਹਿੰਦੀ ਨਾਈਟ੍ਰੋਜਨ ਦੋ ਵਾਰੀ ਕਰਕੇ ਕਟਾਈ ਤੋਂ ਬਾਅਦ ਪਾ ਦਿਓ ਤੇ ਪਿੱਛੋਂ ਪਾਣੀ ਲਾ ਦਿਓ ।

**ਸਿੰਚਾਈ** : ਪਹਿਲਾਂ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਓ, ਬਾਅਦ ਵਿਚ ਮੌਸਮ ਮੁਤਾਬਕ 8-10 ਦਿਨਾਂ ਦੇ ਵਕਫੇ



ਤੇ ਪਾਣੀ ਲਾਓ ।

**ਕਟਾਈ, ਸਾਂਭ-ਸੰਭਾਲ ਅਤੇ ਮੰਡੀਕਰਨ** : ਫਸਲ ਬਿਜਾਈ ਤੋਂ 3-4 ਹਫਤੇ ਬਾਅਦ ਕਟਾਈ ਯੋਗ ਹੋ ਜਾਂਦੀ ਹੈ । ਬਾਅਦ ਦੀਆਂ ਕਟਾਈਆਂ 20-25 ਦਿਨਾਂ ਬਾਅਦ ਕਰਨੀਆਂ ਚਾਹੀਦੀਆਂ ਹਨ ।

**ਬੀਜ ਉਤਪਾਦਨ** : ਪਾਲਕ ਦੇ ਬੀਜ ਦਾ ਵੱਧ ਝਾੜ ਲੈਣ ਲਈ ਇਸਨੂੰ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿਚ ਬੀਜੋ ਅਤੇ ਇਕ ਮਹੀਨੇ ਬਾਅਦ ਇਕ ਕਟਾਈ ਕਰਕੇ ਬੀਜ ਉਤਪਾਦਨ ਲਈ ਰੱਖੋ । ਬੀਜ ਉਤਪਾਦਨ ਵਾਲੇ ਖੇਤ ਦਾ ਇਸ ਫਸਲ ਦੀਆਂ ਦੂਸਰੀਆਂ ਕਿਸਮਾਂ ਨਾਲੋਂ ਘੱਟੋ ਘੱਟ 1000 ਮੀਟਰ ਦਾ ਫਾਸਲਾ ਹੋਣਾ ਚਾਹੀਦਾ ਹੈ । ਕਤਾਰਾਂ ਵਿਚਕਾਰ 50 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਤੋਂ 30 ਸੈਂਟੀਮੀਟਰ ਦਾ ਫਾਸਲਾ ਰੱਖੋ । ਪੰਜ ਕਤਾਰਾਂ ਤੋਂ ਬਾਅਦ ਇਕ ਕਤਾਰ ਦੀ ਥਾਂ ਛੱਡ ਦੇਣਾ ਖੇਤ ਦੇ ਨਿਰੀਖਣ ਕਰਨ ਵਾਸਤੇ ਬਹੁਤ ਜ਼ਰੂਰੀ ਹੈ । ਸ਼ੁੱਧ ਬੀਜ ਦੀ ਪੈਦਾਵਾਰ ਵਾਸਤੇ ਘੱਟੋ ਘੱਟ ਤਿੰਨ ਵਾਰੀ ਖੇਤ ਦਾ ਨਿਰੀਖਣ, ਬੂਟਿਆਂ ਦੇ ਵਾਧੇ ਸਮੇਂ ਨਿਸਾਰੇ ਸਮੇਂ ਅਤੇ ਫਸਲ ਦੀ ਕਟਾਈ ਤੋਂ ਪਹਿਲਾਂ ਕਰੋ । ਕੋਈ ਵੀ ਵਾਧੂ (ਰਹਿੰਦ ਖੂੰਹਦ) ਅਤੇ ਬਿਮਾਰ ਬੂਟਾ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ । ਪੱਤਿਆਂ ਦੀ ਬਣਤਰ ਵਿਚ ਫਰਕ ਵਾਲੇ ਬੂਟੇ ਅਤੇ ਪਹਿਲਾਂ ਅਤੇ ਦੇਰ ਨਾਲ ਨਿਸਰਨ ਵਾਲੇ ਬੂਟੇ ਵੀ ਪੁੱਟ ਦੇਣੇ ਚਾਹੀਦੇ ਹਨ । ਫਸਲ ਦੀ ਕਟਾਈ ਦੇਰ ਨਾਲ ਪੱਕਣ ਵਾਲੀਆਂ ਟਾਹਣੀਆਂ ਦੇ ਭੂਰੇ ਰੰਗ ਵਿਚ ਤਬਦੀਲ ਹੋਣ ਤੇ ਕਰਨੀ ਚਾਹੀਦੀ ਹੈ । ਕਟਾਈ ਤੋਂ ਬਾਅਦ ਅਤੇ ਬੀਜ ਕੱਢਣ ਤੋਂ ਪਹਿਲਾਂ ਇਕ ਹਫਤੇ ਲਈ ਫਸਲ ਨੂੰ ਸੁੱਕਣ ਵਾਸਤੇ ਖੇਤ ਵਿਚ ਹੀ ਰੱਖੋ ।

# ਨਰਮੇ ਕਪਾਹ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਚੋਣ ਸਬੰਧੀ ਜ਼ਰੂਰੀ ਨੁਕਤੇ

**ਨੁਕਸਾਨ ਦੇ ਚਿੰਨ੍ਹ** : ਜੰਮਣ ਤੋਂ 2 ਦਿਨਾਂ ਦੇ ਅੰਦਰ ਛੋਟੀ ਸੁੰਡੀ ਫੁੱਲਾਂ ਜਾਂ ਛੋਟੇ ਟਿੰਡਿਆਂ ਵਿਚ ਵੜ ਜਾਂਦੀ ਹੈ । ਸੁੰਡੀ ਜ਼ਿਆਦਾਤਰ ਬਣ ਰਹੇ ਬੀਜ ਨੂੰ ਖਾਣਾ ਪਸੰਦ ਕਰਦੀ ਹੈ ਅਤੇ ਪਿਊਪੇ ਦੀ ਅਵਸਥਾ ਬੀਜ ਜਾਂ ਟੀਂਡੇ ਵਿਚ ਗੁਜ਼ਾਰਦੀ ਹੈ । ਬਾਅਦ ਵਿਚ ਹਮਲੇ ਵਾਲੇ ਟੀਂਡਿਆਂ ਦੀ ਰੂੰ ਨੂੰ ਉੱਲੀ ਲੱਗ ਜਾਂਦੀ ਹੈ । ਸੁੰਡੀ ਫੁੱਲ ਡੋਡੀਆਂ, ਫੁੱਲਾਂ ਅਤੇ ਟੀਂਡਿਆਂ ਦਾ ਨੁਕਸਾਨ ਕਰਦੀ ਹੈ । ਹਮਲੇ ਵਾਲੇ ਫੁੱਲ ਭੰਬੀਰੀਆਂ ਬਣ ਜਾਂਦੇ ਹਨ, ਜਿਨ੍ਹਾਂ ਵਿਚ ਪ੍ਰਾਗਣ ਨਾਲ ਲੱਥਪਥ ਗੁਲਾਬੀ ਸੁੰਡੀਆਂ ਪਈਆਂ ਨਜ਼ਰ ਆਉਂਦੀਆਂ ਹਨ । ਛੋਟੇ ਟੀਂਡੇ ਤੇ ਡੋਡੀਆਂ ਕਈ ਵਾਰੀ ਹਮਲੇ ਕਾਰਨ ਝੜ ਵੀ ਜਾਂਦੇ ਹਨ । ਸੁੰਡੀਆਂ ਟੀਂਡੇ ਦੇ ਵਿੱਚ ਬਣ ਰਹੇ ਬੀਜਾਂ ਨੂੰ ਖਾਂਦੀਆਂ ਹਨ, ਜਿਸ ਕਰਕੇ ਟੀਂਡੇ ਬਣ ਰਹੀ ਰੂੰ ਵੀ ਖਰਾਬ ਹੋ ਜਾਂਦੀ ਹੈ । ਹਮਲੇ ਵਾਲੇ ਟੀਂਡੇ ਗਲ ਜਾਂਦੇ ਹਨ ਤੇ ਰੂੰ ਵੀ ਦਾਗੀ ਹੋ ਜਾਂਦੀ ਹੈ । ਹਮਲੇ ਵਾਲੇ ਟੀਂਡੇ ਪੂਰੀ ਤਰ੍ਹਾਂ ਖਿੜਦੇ ਵੀ ਨਹੀਂ ।

**ਗੁਲਾਬੀ ਸੁੰਡੀ ਦਾ ਸਰਵੇਖਣ**

★ ਗੁਲਾਬੀ ਸੁੰਡੀ ਦੇ ਸਰਵੇਖਣ ਲਈ ਸਟਿਕਾ/ਡੇਲਟਾ ਟਰੈਪ ਵਰਤੋ, ਜਿਸ ਵਿਚ ਘੱਟੋ ਘੱਟ 10 ਮਾਈਕ੍ਰੋਲੀਟਰ ਫ਼ਿਰੋਮੋਨ ਪ੍ਰਤੀ ਲਿਓਰ (ਗੋਸੀਪਲੋਰ) ਹੋਵੇ । ਇਹਨਾਂ ਨੂੰ ਮਿੱਲਾਂ ਦੇ ਆਲੇ ਦੁਆਲੇ ਅਤੇ ਨਰਮੇ ਦੇ ਖੇਤਾਂ ਵਿਚ ਲਗਾਓ । ਸਟਿਕਾ ਟਰੈਪ ਫਸਲ ਤੋਂ 15 ਸੈਂਟੀਮੀਟਰ ਉੱਚਾ ਰੱਖੋ । ਲਿਓਰ ਨੂੰ 15 ਦਿਨਾਂ ਬਾਅਦ ਬਦਲੋ



ਅਤੇ 2 ਟ੍ਰੈਪ ਪ੍ਰਤੀ ਏਕੜ ਵਰਤੋ ।

★ ਜਦੋਂ ਨਰਮੇ ਨੂੰ ਫੁੱਲ ਡੋਡੀ ਲੱਗਣੀ ਸ਼ੁਰੂ ਹੋ ਜਾਵੇ ਤਾਂ ਹਫਤੇ ਦੇ ਵਕਫੇ ਤੇ ਭੰਬੀਰੀ ਬਣੇ ਫੁੱਲਾਂ ਦਾ ਸਰਵੇਖਣ ਕਰੋ । ਜਦੋਂ ਫਸਲ 70 ਦਿਨ ਦੀ ਹੋ ਜਾਵੇ ਤਾਂ ਨਰਮੇ ਦੇ ਕੱਚੇ ਟੀਂਡਿਆਂ ਨੂੰ ਤੋੜ ਕੇ ਸੁੰਡੀ ਦੇ ਹਮਲੇ ਵਾਸਤੇ 7-10 ਦਿਨਾਂ ਬਾਅਦ ਨਿਰੀਖਣ ਕਰਦੇ ਰਹੋ ।

**ਰਸਾਇਣਕ ਰੋਕਥਾਮ**

★ ਨਰਮੇ ਦੀ 60 ਤੋਂ 120 ਦਿਨ ਦੀ ਫਸਲ ਉਪਰ ਗੁਲਾਬੀ ਸੁੰਡੀ ਦਾ ਫੁੱਲਾਂ ਜਾਂ ਟੀਂਡਿਆਂ ਤੇ ਹਮਲਾ 5 ਪ੍ਰਤੀਸ਼ਤ ਤੱਕ ਪਹੁੰਚ ਜਾਵੇ ਤਾਂ ਇਸ ਦੀ ਰੋਕਥਾਮ ਲਈ 100 ਗ੍ਰਾਮ ਪਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜ਼ੋਏਟ) ਜਾਂ 500 ਮਿਲੀਲਿਟਰ ਕਿਊਰਾਕਰਨ 50 ਈ ਸੀ (ਪ੍ਰੋਫੈਨੋਫਾਸ) ਜਾਂ 200 ਮਿਲੀਲਿਟਰ ਅਵਾਂਟ 14.5 ਐਸ ਸੀ (ਇੰਡੋਕਸਾਕਾਰਬ) ਜਾਂ 250 ਗ੍ਰਾਮ ਲਾਰਵਿਨ 75 ਡਬਲਯੂ ਪੀ (ਥਾਇਓਡਿਕਾਰਬ) ਜਾਂ 800 ਮਿਲੀਲਿਟਰ ਫਾਸਮਾਈਟ 50 ਈ ਸੀ (ਈਥੀਆਨ) ਪ੍ਰਤੀ ਏਕੜ ਦਾ ਛਿੜਕਾਅ ਕਰੋ । ਲੋੜ ਅਨੁਸਾਰ 7-10 ਬਾਅਦ ਛਿੜਕਾਅ ਦੋਬਾਰਾ ਕਰੋ ।

★ ਨਰਮੇ ਦੀ 120 ਤੋਂ 150 ਦਿਨ ਦੀ ਫਸਲ ਉਪਰ ਗੁਲਾਬੀ ਸੁੰਡੀ ਦਾ ਰੋਕਥਾਮ ਲਈ 300 ਮਿਲੀਲਿਟਰ / ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) ਜਾਂ 100 ਮਿਲੀਲਿਟਰ ਡੇਸਿਸ 2.8 ਈ ਸੀ (ਡੈਲਟਾਮੈਥਰਿਨ) ਜਾਂ 200 ਮਿਲੀਲਿਟਰ ਸਾਈਪਰਮੈਥਰਿਨ 10 ਈ ਸੀ ਜਾਂ 100 ਮਿਲੀਲਿਟਰ ਫੈਨਵਲਰੇਟ 20 ਈ ਸੀ ਜਾਂ 300 ਮਿਲੀਲਿਟਰ ਬੁਲਡਾਕ 0.25 ਐਸ ਸੀ (ਬੀਟਾ ਸਾਈਫਲੂਥਰਿਨ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਜਸਰੀਤ ਕੌਰ ਅਤੇ ਜਸਜਿੰਦਰ ਕੌਰ, ਖੇਤਰੀ ਖੋਜ ਕੇਂਦਰ, ਬਠਿੰਡਾ (ਮੋ. 99883-38260**

RNI Regd. No. PUNPUN00806

# ਖੁੰਬਾਂ ਦੀ ਕਾਸ਼ਤ



ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਪੰਜਾਬ ਦੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਖੁੰਬਾਂ ਦੀ ਕਾਸ਼ਤ 'ਤੇ ਕਾਫੀ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਸੰਬੰਧ ਵਿਚ ਉਕਤ ਸੰਸਥਾਵਾਂ ਵੱਲੋਂ ਟਰੇਨਿੰਗ ਅਤੇ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਸੋ ਇਸ ਸੰਬੰਧੀ ਕਿਸਾਨ ਵੀਰਾਂ / ਭੈਣਾਂ / ਬੀਬੀਆਂ ਨੂੰ ਬਾਗਬਾਨੀ ਵਿਭਾਗ ਪੰਜਾਬ ਦੇ ਹਰੇਕ ਜ਼ਿਲ੍ਹੇ ਵਿਚ ਡਿਪਟੀ ਡਾਇਰੈਕਟਰ ਬਾਗਬਾਨੀ / ਬਾਗਬਾਨੀ ਵਿਕਾਸ ਅਫਸਰਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ। ਖੁੰਬਾਂ ਦੀ ਕਾਸ਼ਤ ਕੋਈ ਵੀ ਬੇਜ਼ਮੀਨਾ ਕਿਸਾਨ / ਵਿਅਕਤੀ ਟਰੇਨਿੰਗ ਉਪਰੰਤ ਸ਼ੁਰੂ ਕਰ ਸਕਦਾ ਹੈ। ਇਹ ਕੰਮ ਅਕਤੂਬਰ ਤੋਂ ਅਪਰੈਲ ਮਹੀਨੇ ਤੱਕ ਪੰਜਾਬ ਦੇ ਵਾਤਾਵਰਨ ਵਿਚ ਕੀਤਾ ਜਾ ਸਕਦਾ ਹੈ। ਖੁੰਬਾਂ ਦੀ ਕਾਸ਼ਤ ਦੀ ਖੁਰਾਕੀ ਤੱਤਾਂ ਦੇ ਪੱਖ ਤੋਂ ਵੀ ਕਾਫੀ ਮਹੱਤਤਾ ਹੈ, ਜੋ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਵਿਚ ਵੀ ਮਦਦ ਕਰਦੀ ਹੈ। ਖੁੰਬਾਂ ਵਿਚ ਪ੍ਰੋਟੀਨ ਦੀ ਕਾਫੀ ਮਾਤਰਾ ਹੁੰਦੀ ਹੈ ਜੋ ਬਹੁਤ ਆਸਾਨੀ ਨਾਲ ਹਜ਼ਮ ਹੋ ਜਾਂਦੀ ਹੈ। ਪ੍ਰੋਟੀਨ ਤੋਂ ਇਲਾਵਾ ਖੁੰਬਾਂ ਵਿਚ ਕੈਲਸ਼ੀਅਮ, ਫਾਸਫੋਰਸ, ਲੋਹਾ, ਪੋਟਾਸ਼, ਖਣਿਜ ਪਦਾਰਥ ਅਤੇ ਵਿਟਾਮਿਨ ਸੀ ਆਦਿ ਕਾਫੀ ਮਾਤਰਾ ਵਿਚ ਪਾਏ ਜਾਂਦੇ ਹਨ। ਖੁੰਬਾਂ ਵਿਚ ਕਾਰਬੋਹਾਈਡਰੇਟਸ ਅਤੇ ਚਿਕਨਾਹਟ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਸ ਲਈ ਇਹ ਸ਼ੂਗਰ ਦੇ ਮਰੀਜ਼ਾਂ ਅਤੇ ਵੱਧ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਖਾਣੀ ਲਾਭਦਾਇਕ ਹੈ।

### ਖੁੰਬਾਂ ਦੀਆਂ ਕਿਸਮਾਂ

ਪੰਜਾਬ ਵਿਚ ਮੌਸਮ ਦੇ ਲਿਹਾਜ਼ ਨਾਲ 3 ਕਿਸਮ ਦੀਆਂ ਖੁੰਬਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ : 1. ਚਿੱਟੀ ਬਟਨ ਟਾਈਪ ਖੁੰਬ 2. ਢੀਂਗਰੀ 3. ਪਰਾਲੀ ਵਾਲੀ ਖੁੰਬ

### ਖੁੰਬਾਂ ਦੀ ਬਿਜਾਈ ਦੇ ਢੰਗ

ਖੁੰਬਾਂ ਦੀ ਬਿਜਾਈ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ :

1. ਲੱਕੜ ਦੀਆਂ ਟਰੇਆਂ ਵਿਚ
2. ਬੈੱਡ ਸਿਸਟਮ
3. ਪਲਾਸਟਿਕ ਬੈਗ

### 1. ਚਿੱਟੀ ਬਟਨ ਟਾਈਪ ਖੁੰਬ

ਇਹ ਖੁੰਬ ਤਿਆਰ ਕਰਨ ਲਈ ਕੰਪੋਸਟ ਤਿਆਰ ਕਰਨਾ ਪੈਂਦਾ ਹੈ ਜਿਸ ਲਈ 24-25 ਦਿਨ ਬਣਦੇ ਹਨ। ਕੰਪੋਸਟ ਬਣਾਉਣ ਲਈ 3 ਕੁਇੰਟਲ ਤੂੜੀ, 15 ਕਿਲੋ ਚੋਕਰ, 3 ਕਿਲੋ ਯੂਰੀਆ, 2 ਕਿਲੋ ਕੈਲਸ਼ੀਅਮ ਸੋਡੀਅਮ ਨਾਈਟਰੇਟ, 3 ਕਿਲੋ ਸੁਪਰਫਾਸਫੇਟ, 3 ਕਿਲੋ ਮਿਊਰੇਟ ਆਫ ਪੋਟਾਸ਼, 150 ਗ੍ਰਾਮ ਫੁਰਾਡਾਨ, 5 ਕਿਲੋਗ੍ਰਾਮ ਸ਼ੀਰਾ, 30 ਕਿਲੋਗ੍ਰਾਮ ਜਿਪਸਮ ਤੇ 250 ਗ੍ਰਾਮ ਲਿੰਨਡੈਨ ਡਸਟ ਅਤੇ 60 ਮਿਲੀਗ੍ਰਾਮ ਬੀ. ਐਚ ਸੀ. ਚਾਹੀਦੇ ਹਨ। ਸੋ ਉਕਤ ਕੰਪੋਸਟ ਤਿਆਰ ਕਰਨ ਲਈ ਹਰੇਕ ਜ਼ਿਲ੍ਹੇ ਵਿਚ ਬਣੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਚ ਪੰਜ ਦਿਨ ਦੀ ਟਰੇਨਿੰਗ ਕਰਨੀ ਜ਼ਰੂਰੀ ਹੈ।

### 2. ਢੀਂਗਰੀ ਖੁੰਬਾਂ ਦੀ ਕਾਸ਼ਤ

ਪੰਜਾਬ ਵਿਚ ਢੀਂਗਰੀ ਖੁੰਬਾਂ ਦੀ ਕਾਸ਼ਤ ਬਹੁਤ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਮੌਸਮ ਦੇ ਲਿਹਾਜ਼ ਨਾਲ 15 ਅਕਤੂਬਰ ਤੋਂ 15 ਅਪਰੈਲ ਤੱਕ 4 ਫਸਲਾਂ ਲਈਆਂ ਜਾ ਸਕਦੀਆਂ ਹਨ। ਇਸ ਦਾ ਬੀਜ ਬਹੁਤ ਹੀ ਵਾਜਬ ਰੇਟ 'ਤੇ ਬਾਗਬਾਨੀ ਵਿਭਾਗ ਪੰਜਾਬ ਦੇ ਜ਼ਿਲਾ ਪੱਧਰ ਦੇ ਦਫਤਰਾਂ ਵਿਚ ਬੁੱਕ ਕਰਵਾ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਬਾਗਬਾਨੀ ਵਿਭਾਗ ਪੰਜਾਬ ਦੀਆਂ ਪੰਜਾਬ ਵਿਚ ਦੋ ਸਪਾਨ ਪੈਦਾ ਕਰਨ ਦੀਆਂ ਲਬਾਰਟਰੀਆਂ ਹਨ : (1) ਬਾਰਾਂਦਰੀ ਬਾਗ ਪਟਿਆਲਾ ਅਤੇ (2) ਦਫਤਰ ਡਿਪਟੀ ਡਾਇਰੈਕਟਰ ਬਾਗਬਾਨੀ ਜਲੰਧਰ। ਇਸ ਤੋਂ ਇਲਾਵਾ ਇਹ ਬੀਜ ਪੀ. ਏ. ਯੂ. ਲੁਧਿਆਣਾ ਦੇ ਮਾਈਕਰੋ-ਬਾਇਓਲੋਜੀ ਵਿਭਾਗ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ (ਰਿਟਾਇਰਡ)
ਪਟਿਆਲਾ। ਮੋ. 75080-18903

**ਵਿਧੀ** : ਢੀਂਗਰੀ ਪੈਦਾ ਕਰਨ ਲਈ ਹੇਠ ਲਿਖੇ ਸਮਾਨ ਦੀ ਲੋੜ ਪੈਂਦੀ ਹੈ : (1) ਤੂੜੀ (2) ਖੁੰਬ ਦਾ ਬੀਜ (3) ਪਲਾਸਟਿਕ ਲਿਫਾਫਾ ਸਾਈਜ਼ 18"×24"

ਸਾਫ ਤੂੜੀ ਨੂੰ ਸਾਫ-ਸੁਥਰੇ ਫਰਸ਼ 'ਤੇ ਖਿਲਾਰ ਕੇ ਇਸ ਹਿਸਾਬ ਨਾਲ ਗਿੱਲਾ ਕਰੋ ਕਿ ਇਸ ਵਿਚੋਂ ਪਾਣੀ ਬਾਹਰ ਨਾ ਨਿਕਲੇ। ਤੂੜੀ 12 ਘੰਟੇ ਤੋਂ 24 ਘੰਟੇ ਤੱਕ ਇਸ ਤਰ੍ਹਾਂ ਗਿੱਲੀ ਕੀਤੀ ਜਾਵੇ ਕਿ ਉਸ ਵਿਚ ਨਮੀਂ ਦੀ ਮਾਤਰਾ 70% ਹੋਵੇ।

**ਬੀਜ ਦੀ ਮਾਤਰਾ** : ਇਸ ਵਿਚ ਬੀਜ ਸੁੱਕੀ ਤੂੜੀ ਦਾ 10ਵਾਂ ਹਿੱਸਾ ਪੈਂਦਾ ਹੈ ਭਾਵ ਕਿ 10 ਕਿਲੋ ਸੁੱਕੀ ਤੂੜੀ ਲਈ 1 ਕਿਲੋ ਢੀਂਗਰੀ ਖੁੰਬ ਦਾ ਬੀਜ ਪਾਉਣਾ ਜ਼ਰੂਰੀ ਹੈ।

**ਲਿਫਾਫੇ ਭਰਨ ਦੀ ਵਿਧੀ** : ਇਸ ਦੀ ਬਿਜਾਈ ਦੋ ਢੰਗਾਂ ਨਾਲ ਕੀਤੀ ਜਾ ਸਕਦੀ ਹੈ। ਪਹਿਲੇ ਢੰਗ ਅਨੁਸਾਰ ਗਿੱਲੀ ਤੂੜੀ ਵਿਚ ਲੋੜੀਂਦੀ ਮਾਤਰਾ ਦਾ ਬੀਜ ਮਿਕਸ ਕੀਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਇਸ ਨੂੰ ਪਲਾਸਟਿਕ ਦੇ ਲਿਫਾਫੇ ਵਿੱਚ ਭਰ ਦਿੱਤਾ ਜਾਂਦਾ ਹੈ, ਲਿਫਾਫੇ ਭਰਨ ਸਮੇਂ ਤੂੜੀ ਨੂੰ ਥੋੜਾ-ਥੋੜਾ ਪ੍ਰੈਸ ਕਰਦੇ ਰਹਿਣਾ ਚਾਹੀਦਾ ਹੈ। ਪੂਰਾ ਲਿਫਾਫਾ ਭਰਨ ਤੇ ਇਸ ਨੂੰ ਉੱਪਰੋਂ ਬੰਨ੍ਹ ਦਿੱਤਾ ਜਾਂਦਾ ਹੈ। ਦੂਜੇ ਤਰੀਕੇ ਅਨੁਸਾਰ ਤੂੜੀ ਵਿੱਚ 2 ਇੰਚ ਦੀ ਤਹਿ ਪਾ ਕੇ ਬੀਜ ਦੀ ਤਹਿ ਵਿਛਾਈ ਜਾਂਦੀ ਹੈ ਅਤੇ ਲਿਫਾਫੇ ਨੂੰ ਉਪਰੋਂ ਬੰਨ੍ਹ ਦਿੱਤਾ ਜਾਂਦਾ ਹੈ। ਇਨ੍ਹਾਂ ਬੰਨ੍ਹੇ ਹੋਵੇ ਲਿਫਾਫਿਆਂ ਨੂੰ ਬੰਦ ਕਮਰੇ ਵਿਚ ਜਾਂ ਬਰਾਂਡੇ ਵਿਚ ਰੱਖ ਬੰਨ੍ਹ ਦਿੱਤਾ ਜਾਂਦਾ ਹੈ। 24-25 ਦਿਨਾਂ ਵਿਚ ਖੁੰਬ ਬੀਜ (ਮਾਈਸੀਲੀਅਮ) ਸਾਰੀ ਤੂੜੀ ਵਿਚ ਫੈਲ ਜਾਂਦਾ ਹੈ ਤਾਂ ਲਿਫਾਫਿਆਂ ਨੂੰ ਪਾੜ ਕੇ ਵੱਖ ਕਰ ਲਿਆ ਜਾਂਦਾ ਹੈ। ਇਸ ਬਣੇ ਢੇਲੇ ਨੂੰ ਕਿਸੇ ਇੱਟ 'ਤੇ ਰੱਖ ਕੇ ਸਪਰੇਅ ਪੰਪ ਨਾਲ ਪਾਣੀ ਦੇ ਕੇ ਗਿੱਲਾ ਰੱਖਿਆ ਜਾਂਦਾ ਹੈ। ਇਸ ਤੋਂ ਇਕ ਹਫਤੇ ਦੇ ਵਿੱਚ-ਵਿੱਚ ਹੀ ਬਾਲ ਦੇ ਚਾਰੇ ਪਾਸੇ ਛੋਟੀ ਛੋਟੀ ਬਟਨ ਟਾਈਪ ਢੀਂਗਰੀ ਦਿਖਾਈ ਦੇਣ ਲੱਗ ਜਾਂਦੀ ਹੈ ਜੋ ਕਿ 4-5 ਦਿਨਾਂ ਵਿਚ ਆਪਣਾ ਪੂਰਾ ਅਕਾਰ ਬਣਾ ਲਵੇਗੀ। ਇਸ ਬਾਲ ਵਿਚੋਂ 4 ਫਲੱਸ 7 ਦਿਨਾਂ ਦੀ ਵਿੱਥ ਵਿਚ ਨਿਕਲਣਗੇ, ਜੋ ਇਕ-ਇਕ ਮਹੀਨੇ ਵਿਚ ਪੂਰੀ ਢੀਂਗਰੀ ਖੁੰਬ ਨਿਕਲ ਆਵੇਗੀ।

**ਕਟਾਈ ਕਰਨੀ** : ਢੀਂਗਰੀ ਦੀ ਕਟਾਈ ਪਾਣੀ ਦੇਣ ਤੋਂ ਪਹਿਲਾਂ ਕਰਨੀ ਚਾਹੀਦੀ ਹੈ ਅਤੇ ਜਦੋਂ ਢੀਂਗਰੀ ਦੇ ਪੱਤੇ ਅੰਦਰ ਵਲ ਨੂੰ ਮੁੜਨੇ ਸ਼ੁਰੂ ਹੋਣ ਤਾਂ ਸਮਝੋ ਕਿ ਇਹ ਕਟਾਈ ਦੇ ਕਾਬਲ ਹੈ ਅਤੇ ਇਸ ਨੂੰ ਤੋੜ ਲੈਣਾ ਚਾਹੀਦਾ ਹੈ। ਜੇਕਰ ਇਸ ਸਟੇਜ ਵਿਚ ਕਟਾਈ ਨਾ ਕੀਤੀ ਜਾਵੇ ਤਾਂ ਢੀਂਗਰੀ ਖਰਾਬ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਦੀ ਜੜ੍ਹ ਨਾਲੋਂ ਸਾਫ ਕਰਕੇ ਤਾਜ਼ੀ 100 ਗ੍ਰਾਮ ਪ੍ਰਤੀ ਪੈਕੇਟ ਬਣਾ ਕੇ ਵੇਚੀ ਜਾ ਸਕਦੀ ਹੈ।

**ਢੀਂਗਰੀ ਨੂੰ ਸੁਕਾਉਣ ਸਬੰਧੀ** : ਜੇਕਰ ਢੀਂਗਰੀ ਦੀ ਲਾਗਤ ਘੱਟ ਹੋਵੇ ਤਾਂ ਇਹ ਸਕਾਈ ਵੀ ਜਾ ਸਕਦੀ ਹੈ। ਇਹ ਆਮ ਧੁੱਪ ਵਿਚ ਜਾਂ ਡਰਾਇਰ ਵਿੱਚ ਸੁਕਾਈ ਵੀ ਜਾ ਸਕਦੀ ਹੈ। ਪੂਰੀ ਸੁੱਕੀ ਹੋਈ ਢੀਂਗਰੀ 4 ਪਲਾਸਟਿਕ ਦੇ ਲਿਫਾਫਿਆਂ ਵਿਚ ਪਾ ਕੇ ਹਵਾ ਰਹਿਤ ਕਰਕੇ ਸੀਲ ਕਰ ਦੇਣੀ ਚਾਹੀਦੀ ਹੈ। ਇਸ ਤੋਂ ਬਾਅਦ ਵੇਚਿਆ ਜਾ ਸਕਦਾ ਹੈ ਜਾਂ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਸੁੱਕੀ ਹੋਈ ਢੀਂਗਰੀ ਦਾ ਵਜ਼ਨ ਸਿਰਫ 10% ਹੀ ਰਹਿ ਜਾਂਦਾ ਹੈ। ਫਿਰ ਜਦੋਂ ਇਸ ਨੂੰ ਵਰਤਣਾ ਹੋਵੇ ਤਾਂ ਇਸ ਨੂੰ ਗਰਮ ਪਾਣੀ ਵਿਚ ਭਿਉਂ ਲੈਣਾ ਚਾਹੀਦਾ ਹੈ ਅਤੇ ਜਿਸ ਤੋਂ ਮੁੜ 80% ਹੋ ਜਾਂਦਾ ਹੈ।

### 3. ਪਰਾਲੀ ਵਾਲੀ ਖੁੰਬ

ਇਹ ਖੁੰਬ ਪੰਜਾਬ ਵਿਚ ਅਪਰੈਲ ਤੋਂ ਅਗਸਤ ਤੱਕ ਝੋਨੇ ਦੀ ਪਰਾਲੀ ਤੋਂ ਪੈਦਾ ਕੀਤੀ ਜਾ ਸਕਦੀ ਹੈ। ਇਸ ਦਾ ਵੇਰਵਾ ਅਪਰੈਲ ਮਹੀਨੇ ਸਾਂਝਾ ਕੀਤਾ ਜਾਵੇਗਾ।

### ਖੁੰਬਾਂ ਤੋਂ ਬਣਨਯੋਗ ਪਦਾਰਥ

ਤਾਜ਼ੀਆਂ ਖੁੰਬਾਂ ਤੋਂ ਹੇਠ ਲਿਖੇ ਖਾਣਯੋਗ ਪੌਸ਼ਟਿਕ ਪਦਾਰਥ ਬਣਾਏ ਜਾ ਸਕਦੇ ਹਨ : (1) ਖੁੰਬਾਂ ਦਾ ਸੂਪ (2) ਖੁੰਬਾਂ ਦਾ ਅਚਾਰ (3) ਖੁੰਬਾਂ ਅਤੇ ਮਟਰਾਂ ਦੀ ਸਬਜ਼ੀ (4) ਮਿਕਸ ਵੈਜੀਟੇਬਲ

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਮਾਹਰਾਂ ਨਾਲ ਸੰਪਰਕ ਕਰ ਸਕਦੇ ਹੋ।

